JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
Auto&Home Insurance
Commercial Vehicle Insurance
Commercial Property Insurance
Commercial General Liability (CGL)
Rental Property
Call:905-965-7474
7900 Hurontario St., Suite 308, Brampton, ON, L6Y 0P6
https://www.switchinsurance.ca

To view our online newspaper visit punjabipost.ca/epaper | Vol 22* Issue 14 | Friday, January 27, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਇਹ ਵੀ ਪੜ੍ਹੋ

ਹਾਊਸਿੰਗ ਸਪਲਾਈ ਸੰਕਟ ਨੂੰ ਖ਼ਤਮ ਕਰਨ ਲਈ ਐਮਪੀਪੀਜ਼ ਤੇ ਮਿਊਂਸਪਲ ਮਾਮਲਿਆਂ ਦੇ ਮੰਤਰੀ ਨੇ ਕੀਤੀ ਚਰਚਾ


ਪੰਨਾ 15

ਕੀ ਸੰਦੇਸ਼ ਦੇਂਦਾ ਹੈ ਅਫਸਰਾਂ ਦੇ ਯਰਕਾਊ ਵਿਹਾਰ ਮੂਹਰੇ ਮੁੱਖ ਮੰਤਰੀ ਦਾ ਬੈਰੀਕੇਡ

ਜਤਿੰਦਰ ਪਨੂੰ ਦੀ ਕਲਮ ਤੋਂ

ਪੰਨਾ 06

# 4 ਬੈਟਲ ਟੈਂਕ ਯੂਕਰੇਨ ਭੇਜੇਗਾ ਕੈਨੇਡਾ : ਆਨੰਦ





ਓਟਵਾ, 26 ਜਨਵਰੀ (ਪੋਸਟ ਬਿਊਰੋ) : ਕੈਨੇਡਾ ਵੱਲੋਂ ਚਾਰ ਬੈਟਲ ਟੈਂਕਸ ਯੂਕਰੇਨ ਭੇਜੇ ਜਾ ਰਹੇ ਹਨ। ਇਸ ਦੇ ਨਾਲ ਹੀ ਕੈਨੇਡੀਅਨ ਆਰਮਡ ਫੋਰਸਿਜ਼ ਦੇ ਕੁੱਝ ਸੈਨਿਕਾਂ ਨੂੰ ਵੀ ਯੂਕਰੇਨ ਭੇਜਿਆ ਜਾਵੇਗਾ ਤਾਂ ਕਿ ਇਨ੍ਹਾਂ ਟੈਂਕਾਂ ਨੂੰ ਆਪਰੇਟ ਕਰਨ ਦਾ ਵੱਲ ਯੂਕਰੇਨੀਅਨ ਸੈਨਿਕਾਂ ਨੂੰ ਸਿਖਾਇਆ ਜਾ ਸਕੇ।

ਵੀਰਵਾਰ ਨੂੰ ਰੱਖਿਆ ਮੰਤਰੀ ਅਨੀਤਾ ਆਨੰਦ ਵੱਲੋਂ ਚੀਫ ਆਫ ਡਿਫੈਂਸ ਸਟਾਫ ਵੇਅਨ ਆਇਰ ਦੀ ਹਾਜ਼ਰੀ ਵਿੱਚ ਇਹ ਐਲਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਇਹ ਵੀ ਆਖਿਆ ਕਿ ਚਾਰ ਲੈਪਰਡ 2 ਟੈਂਕਸ ਭੇਜਣ ਤੋਂ ਇਲਾਵਾ ਕੈਨੇਡਾ ਬਾਅਦ ਵਿੱਚ ਹੋਰ ਟੈਂਕ ਵੀ ਭੇਜ ਸਕਦਾ ਹੈ। ਰੱਖਿਆ ਮੰਤਰੀ ਨੇ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਟੈਂਕਾਂ ਦੀ ਡਲਿਵਰੀ ਹੋ ਜਾਵੇਗੀ ਜਦਕਿ ਟਰੇਨਰਜ਼ ਦੇ ਨਾਲ ਨਾਲ ਸਪੇਅਰ ਪਾਰਟਸ ਤੇ ਹੋਰ ਗੋਲੀ ਸਿੱਕਾ ਆਪਣੇ ਭਾਈਵਾਲਾਂ ਨਾਲ ਤਾਲਮੇਲ ਕਰਕੇ ਭੇਜ ਦਿੱਤਾ ਜਾਵੇਗਾ। ਇਸ ਸਬੰਧੀ ਟਰੇਨਿੰਗ ਕਿਸੇ ਤੀਜੇ ਦੇਸ਼ ਵਿੱਚ ਹੋਵੇਗੀ।

ਪਿਛਲੇ ਹਫਤੇ ਆਪਣੇ ਹਮਰੁਤਬਾ ਅਧਿਕਾਰੀ ਨਾਲ ਮੁਲਾਕਾਤ ਕਰਨ ਲਈ ਆਨੰਦ ਯੂਕਰੇਨ ਦੇ ਦੌਰੇ ਉੱਤੇ ਸੀ। ਉਨ੍ਹਾਂ ਆਖਿਆ ਕਿ ਇਹ ਆਧੁਨਿਕ ਤਕਨਾਲੋਜੀ ਨਾਲ ਲੈਸ ਤੇ ਸੇਫ ਵ੍ਹੀਕਲ ਜੰਗ ਦੇ ਮੈਦਾਨ ਵਿੱਚ ਸੈਨਿਕਾਂ ਦੇ ਹੱਥ ਮਜ਼ਬੂਤ ਕਰਦੇ ਹਨ। ਇਨ੍ਹਾਂ ਦੀ ਮਦਦ ਨਾਲ ਯੂਕਰੇਨ ਆਪਣੀ ਟੈਰੇਟਰੀ ਦਾ ਵੱਡਾ ਹਿੱਸਾ ਰੂਸ ਕੋਲੋਂ ਆਜ਼ਾਦ ਕਰਵਾ ਸਕੇਗਾ ਤੇ ਰੂਸ ਦੇ ਹਮਲਿਆਂ ਤੋਂ ਆਪਣੇ ਲੋਕਾਂ ਦੀ ਰਾਖੀ ਕਰ ਸਕੇਗਾ।

# ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਅਤੇ ਕਾਊਂਸਲ ਜਨਰਲ ਵੱਲੋਂ ਗਣਤੰਤਰ ਦਿਵਸ ਮੌਕੇ ਭਾਰਤੀਆਂ ਨੂੰ ਦਿੱਤੀ ਗਈ ਮੁਬਾਰਕਬਾਦ







ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਭਾਰਤ ਦੇ 74ਵੇਂ ਗਣਤੰਤਰ ਦਿਵਸ ਮੌਕੇ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਅਤੇ ਟੋਰਾਂਟੋ ਵਿੱਚ ਭਾਰਤ ਦੀ ਕਾਊਂਸਲ ਜਨਰਲ ਅਪੂਰਵਾ ਸ਼੍ਰੀਵਾਸਤਵ ਵੱਲੋਂ ਕੈਨੇਡਾ ਵਿੱਚ ਵੱਸਦੇ ਭਾਰਤੀਆਂ ਨੂੰ ਮੁਬਾਰਕਬਾਦ ਦਿੱਤੀ ਗਈ।

ਇਸ ਮੌਕੇ ਸ਼੍ਰੀ ਵਰਮਾ ਨੇ ਆਖਿਆ ਕਿ ਸੰਵਿਧਾਨ ਲਾਗੂ ਹੋਣ ਤੋਂ ਲੈ ਕੇ ਹੁਣ ਤੱਕ ਭਾਰਤ ਦੀ ਯਾਤਰਾ ਕਮਾਲ ਦੀ ਰਹੀ ਹੈ ਤੇ ਅਸੀਂ ਹੋਰਨਾਂ ਦੇਸ਼ਾਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇ ਹਾਂ। ਉਨ੍ਹਾਂ ਆਖਿਆ ਕਿ ਜਦੋਂ ਅਸੀਂ ਗਣਤੰਤਰ ਦਿਵਸ ਮਨਾਉਂਦੇ ਹਾਂ ਤਾਂ ਵਿਕਾਸ ਦੇ ਨਾਂ ਉੱਤੇ ਜਿਹੜੀਆਂ ਪ੍ਰਾਪਤੀਆਂ ਅਸੀਂ ਕੀਤੀਆਂ ਹਨ ਉਸ ਦਾ ਅਸੀਂ ਜਸ਼ਨ ਮਨਾਉਂਦੇ ਹਾਂ।

...ਬਾਕੀ ਪੰਨਾ 15 'ਤੇ

# ਹੁਣ ਤੋਂ ਟੋਰੀ ਤੇ ਲਿਬਰਲ ਐਮਪੀਜ਼ ਟੈਕਸ ਦਾਤਾਵਾਂ ਤੋਂ ਨਹੀਂ ਵਸੂਲਣਗੇ ਘਰੇਲੂ ਇੰਟਰਨੈਟ ਦਾ ਖਰਚਾ





ਓਟਵਾ, 26 ਜਨਵਰੀ (ਪੋਸਟ ਬਿਊਰੋ) : ਆਪਣੇ ਪਾਰਲੀਆਮੈਂਟ ਮੈਂਬਰਾਂ ਵੱਲੋਂ ਘਰੇਲੂ ਇੰਟਰਨੈਟ ਸੇਵਾਵਾਂ ਲਈ ਖਰਚੇ ਦਾ ਬੋਝ ਟੈਕਸਦਾਤਾਵਾਂ ਦੀ ਜੇਬ੍ਹ ਉੱਤੇ ਪਾਉਣ ਦਾ ਵਿਰੋਧ ਕੰਜ਼ਰਵੇਟਿਵਾਂ ਦੇ ਨਾਲ ਨਾਲ ਫੈਡਰਲ ਲਿਬਰਲ ਸਰਕਾਰ ਵੱਲੋਂ ਵੀ ਕੀਤਾ ਜਾ ਰਿਹਾ ਹੈ।

ਸਰਕਾਰ ਦੇ ਹਾਊਸ ਲੀਡਰ ਮਾਰਕ ਹਾਲੈਂਡ ਦੇ ਆਫਿਸ ਨੇ ਵੀਰਵਾਰ ਨੂੰ ਆਖਿਆ ਕਿ ਉਹ ਇਹ ਪ੍ਰਸਤਾਵ ਪੇਸ਼ ਕਰਨਗੇ ਕਿ ਇਹ ਰੁਝਾਨ ਸਾਰੀਆਂ ਪਾਰਟੀਆਂ ਦੇ ਐਮਪੀਜ਼ ਵੱਲੋਂ ਬੰਦ ਕੀਤਾ ਜਾਵੇ। ਕੰਜ਼ਰਵੇਟਿਵਾਂ ਵੱਲੋਂ ਵੀ ਅਜਿਹਾ ਕਰਨ ਦੀ ਇੱਛਾ ਪ੍ਰਗਟਾਈ ਗਈ। ਕੈਨੇਡੀਅਨ ਪ੍ਰੈੱਸ ਵੱਲੋਂ ਕੀਤੇ ਗਏ ਇੱਕ ਵਿਸ਼ਲੇਸ਼ਣ ਅਨੁਸਾਰ 31 ਟੋਰੀ ਐਮਪੀਜ਼ ਵੱਲੋਂ ਖੁਦ ਲਈ ਜਾਂ ਆਪਣੇ ਸਟਾਫ ਲਈ ਘਰੇਲੂ ਇੰਟਰਨੈਟ ਸੇਵਾਵਾਂ ਦਾ ਖਰਚਾ ਟੈਕਸਦਾਤਾਵਾਂ ਤੋਂ ਵਸੂਲਿਆ ਜਾਂਦਾ ਰਿਹਾ ਹੈ। ਇਨ੍ਹਾਂ ਵਿੱਚ ਸਾਬਕਾ ਅੰਤਰਿਮ ਪਾਰਟੀ ਆਗੂ ਕੈਂਡਿਸ ਬਰਜਨ,ਮੈਨੀਟੋਬਾ ਦੇ ਐਮਪੀ ਜੇਮਜ਼ ਬੇਜਨ, ਕੈਲਗਰੀ ਤੋਂ ਐਮਪੀ ਮਿਸ਼ੇਲ ਰੈਂਪਲ ਗਾਰਨਰ ਤੇ ਬ੍ਰਿਟਿਸ਼ ਕੋਲੰਬੀਆ ਤੋਂ ਪਾਰਟੀ ਦੇ ਨੁਮਾਇੰਦੇ ਮਾਰਕ ਸਟ੍ਰਾਹਲ ਸ਼ਾਮਲ ਹਨ।

ਇਸੇ ਤਰ੍ਹਾਂ 27 ਲਿਬਰਲ ਐਮਪੀਜ਼ ਅਜਿਹੇ ਹਨ ਜਿਨ੍ਹਾਂ ਵੱਲੋਂ ਖੁਦ ਲਈ ਜਾਂ ਆਪਣੇ ਸਟਾਫ ਲਈ ਘਰੇਲੂ ਇੰਟਰਨੈਟ ਸੇਵਾਵਾਂ ਦਾ ਖਰਚਾ ਟੈਕਸਦਾਤਾਵਾਂ ਤੋਂ ਵਸੂਲਿਆ ਜਾਂਦਾ ਰਿਹਾ ਹੈ।

...ਬਾਕੀ ਪੰਨਾ 12 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

OURR HOME & APPLIANCES
OPEN BOX & BRAND NEW UNITS AVAILABLE IN ALL BRANDS
NEW YEAR SPECIAL DEALS
PRICE $4599
KitchenAid moffat MAYTAG LG Electrolux JENNAIR BOSCH Whirlpool SAMSUNG
UNIT #1, 241 CLARENCE, ST BRAMPTON, ON L6W3E7, (416) 551 3343
44 FASKEN DR. #2-9 ETOBICKOKE, ON M9W 5M8, (416) 792-0877
UNIT #6 410 LEWIS ROAD, STONEY CREEK, ON L8E 5Y7, (905) 643 0818
UNIT #4- 1540 FANSHAWE PARK ROAD WEST
5781 HIGHWAY 7 UNIT 10, VAUGHAN, ON L4L 1T8, (416) 477 5556
1050 SPEERS ROAD, OAKVILLE, ON, L6L 2X4, (416) 613 0555
416-551-5553 WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic.12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਜੀਟੀਏ ਦੇ ਬਹੁਤੇ ਹਿੱਸਿਆਂ ਵਿੱਚ ਸਕੂਲ ਬੱਸਾਂ ਕੀਤੀਆਂ ਗਈਆਂ ਰੱਦ



ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਬਰਫੀਲੇ ਤੂਫਾਨ ਤੋਂ ਬਾਅਦ ਹੁਣ ਭਾਵੇਂ ਸੜਕਾਂ ਤੋਂ ਬਰਫ ਹਟਾਉਣ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ ਪਰ ਜੀਟੀਏ ਦੇ ਬਹੁਤੇ ਪਬਲਿਕ ਤੇ ਕੈਥੋਲਿਕ ਸਕੂਲਾਂ ਵੱਲੋਂ ਸਕੂਲ ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ।

ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਤੇ ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (ਟੀਸੀਡੀਐਸਬੀ) ਨੇ ਵੀਰਵਾਰ ਨੂੰ ਆਖਿਆ ਕਿ ਸਕੂਲ ਬੱਸਾਂ ਰੱਦ ਕੀਤੀਆਂ ਗਈਆਂ ਹਨ ਪਰ ਸਕੂਲ ਖੁੱਲ੍ਹੇ ਰਹਿਣਗੇ। ਹੈਮਿਲਟਨ-ਵੈਂਟਵਰਥ ਡਿਸਟ੍ਰਿਕਟ ਸਕੂਲ ਬੋਰਡ (ਐਚਡਬਲਿਊਡੀਐਸਬੀ) ਨੇ ਆਖਿਆ ਕਿ ਖਰਾਬ ਮੌਸਮ ਕਾਰਨ ਹੈਮਿਲਟਨ ਦੇ ਪਬਲਿਕ ਸਕੂਲ ਬੰਦ ਰਹਿਣਗੇ ਹਾਲਾਂਕਿ ਸਿਟੀ ਦੇ ਕੈਥੋਲਿਕ ਸਕੂਲ ਖੁੱਲ੍ਹੇ ਰਹਿਣਗੇ।

ਬੁੱਧਵਾਰ ਨੂੰ ਓਨਟਾਰੀਓ ਵਿੱਚ 14 ਸੈਂਟੀਮੀਟਰ ਤੱਕ ਹੋਈ ਬਰਫਬਾਰੀ ਤੋਂ ਬਾਅਦ ਵੀ ਗ੍ਰੇਟਰ ਟੋਰਾਂਟੋ ਏਰੀਆ ਦੇ ਕਈ ਹਿੱਸਿਆਂ ਵਿੱਚ ਬਰਫਬਾਰੀ ਦੀ ਚੇਤਾਵਨੀ ਅਜੇ ਵੀ ਜਾਰੀ ਹੈ। ਵੀਰਵਾਰ ਸਵੇਰੇ ਐਨਵਾਇਰਮੈਂਟ ਕੈਨੇਡਾ ਵੱਲੋਂ ਆਖਿਆ ਗਿਆ ਕਿ ਟੋਰਾਂਟੋ ਤੇ ਸਿਟੀ ਦੇ ਪੱਛਮੀ ਇਲਾਕਿਆਂ ਤੋਂ ਬਰਫਬਾਰੀ ਸਬੰਧੀ ਚੇਤਾਵਨੀ ਹਟਾ ਲਈ ਗਈ ਹੈ ਪਰ ਕਈ ਸੜਕਾਂ ਉੱਤੇ ਅਜੇ ਵੀ ਬਰਫਬਾਰੀ ਤੋਂ ਬਾਅਦ ਤਿਲ੍ਹਕਣ ਬਣੀ ਹੋਈ ਹੈ ਤੇ ਸੜਕਾਂ ਨੂੰ ਸਾਫ ਕਰਨ ਦਾ ਕੰਮ ਜਾਰੀ ਹੈ। ਜੀਟੀਏ ਦੇ ਪੂਰਬ ਵੱਲ ਕਈ ਇਲਾਕਿਆਂ ਵਿੱਚ ਅਜੇ ਵੀ ਬਰਫਬਾਰੀ ਸਬੰਧੀ ਚੇਤਾਵਨੀ ਜਾਰੀ ਹੈ।

# ਯੂਕਰੇਨ ਦੀ ਜਿੱਤ ਨਾਲ ਗਲੋਬਲ ਅਰਥਚਾਰੇ ਨੂੰ ਮਿਲੇਗਾ ਹੁਲਾਰਾ : ਫਰੀਲੈਂਡ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਅਮਰੀਕਾ ਤੇ ਜਰਮਨੀ ਵੱਲੋਂ ਬੈਟਲ ਟੈਂਕ ਯੂਕਰੇਨ ਭੇਜਣ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਪਰ ਕੈਨੇਡਾ ਅਜੇ ਵੀ ਇਹ ਨਹੀਂ ਦੱਸ ਰਿਹਾ ਕਿ ਅਜਿਹਾ ਕਦਮ ਚੁੱਕਣ ਦੀ ਫੈਡਰਲ ਸਰਕਾਰ ਦੀ ਵੀ ਕੋਈ ਯੋਜਨਾ ਹੈ ਜਾਂ ਨਹੀਂ।

ਇਸ ਦੌਰਾਨ ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਵਾਸ਼ਿੰਗਟਨ ਵੱਲੋਂ ਐਮ1 ਅਬਰਾਮ ਟੈਂਕ ਯੂਕਰੇਨ ਭੇਜਣ ਦੇ ਫੈਸਲੇ ਨੂੰ ਮਨਜ਼ੂਰੀ ਦਿੱਤੀ ਜਾਣ ਵਾਲੀ ਹੈ। ਰੂਸ ਵੱਲੋਂ ਵਿੱਢੀ ਗਈ ਜੰਗ ਵਿੱਚ ਯੂਕਰੇਨ ਦੀ ਮਦਦ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਇਸੇ ਤਰ੍ਹਾਂ ਜਰਮਨੀ ਵੱਲੋਂ ਵੀ ਇਹ ਐਲਾਨ ਕੀਤਾ ਗਿਆ ਹੈ ਕਿ ਲੈਪਰਡ 2 ਟੈਂਕਸ ਯੂਕਰੇਨ ਭੇਜਣ ਲਈ ਪੋਲੈਂਡ ਵੱਲੋਂ ਕੀਤੀ ਗਈ ਬੇਨਤੀ ਉੱਤੇ ਉਨ੍ਹਾਂ ਵੱਲੋਂ ਮਨਜ਼ੂਰੀ ਦੀ ਮੋਹਰ ਲਾਈ ਜਾਵੇਗੀ। ਜਰਮਨੀ ਵਿੱਚ ਤਿਆਰ ਟੈਂਕਾਂ ਨੂੰ



ਮੁੜ ਐਕਸਪੋਰਟ ਕਰਨ ਲਈ ਬਰਲਿਨ ਚਾਹੁੰਦਾ ਹੈ ਕਿ ਦੇਸ਼ਾਂ ਵੱਲੋਂ ਉਸ ਤੋਂ ਇਜਾਜ਼ਤ ਲਈ ਜਾਵੇ।

ਪਰ ਮੰਗਲਵਾਰ ਨੂੰ ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਇਹ ਨਹੀਂ ਦੱਸਿਆ ਕਿ ਕੈਨੇਡਾ ਵੱਲੋਂ ਇਸ ਤਰ੍ਹਾਂ ਦਾ ਕੋਈ ਫੈਸਲਾ ਕੀਤਾ ਜਾ ਰਿਹਾ ਹੈ ਜਾਂ ਨਹੀਂ। ਫਰੈਂਚ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੋਲੀ ਨੇ ਆਖਿਆ ਕਿ ਹਾਲ ਦੀ ਘੜੀ ਉਹ ਐਨਾ ਹੀ ਆਖ ਸਕਦੀ ਹੈ ਕਿ ਉਹ ਆਪਣੇ ਭਾਈਵਾਲਾਂ ਨਾਲ ਪੂਰਾ ਸਹਿਯੋਗ ਕਰਨਗੇ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡੀਅਨ ਫੌਜ ਕੋਲ 112 ਲੈਪਰਡ 2 ਟੈਂਕ ਹਨ। ਪਰ ਕੁੱਝ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਜਿਹਾ ਫੈਸਲਾ ਲੈਣ ਤੋਂ ਪਹਿਲਾਂ ਕੈਨੇਡਾ ਨੂੰ ਆਪਣੀਆਂ ਟਰੇਨਿੰਗ ਤੇ ਆਪਰੇਸ਼ਨਲ ਲੋੜਾਂ ਵੇਖਣੀਆਂ ਹੋਣਗੀਆਂ।

ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੀ ਇਹ ਨਹੀਂ ਦੱਸ ਸਕੀ ਕਿ ਕੈਨੇਡਾ ਇਸ ਮੁੱਦੇ ਉੱਤੇ ਕਿਸ ਤਰ੍ਹਾਂ ਅੱਗੇ ਵਧੇਗਾ। ਪਰ ਉਨ੍ਹਾਂ ਇਹ ਜ਼ਰੂਰ ਆਖਿਆ ਕਿ ਯੂਕਰੇਨ ਦੀ ਇਸ ਸੰਘਰਸ਼ ਦੀ ਘੜੀ ਵਿੱਚ ਸੱਭ ਤੋਂ ਵੱਧ ਫੰਡ ਦੇਣ ਵਾਲਿਆਂ ਵਿੱਚ ਕੈਨੇਡਾ ਮੋਹਰੀ ਹੈ। ਹੈਮਿਲਟਨ, ਓਨਟਾਰੀਓ ਵਿੱਚ ਚੱਲ ਰਹੀ ਲਿਬਰਲਾਂ ਦੀ ਕੈਬਨਿਟ ਰਟਰੀਟ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਸ ਸਾਲ ਯੂਕਰੇਨ ਦੀ ਜਿੱਤ ਨਾਲ ਗਲੋਬਲ ਅਰਥਚਾਰੇ ਦੇ ਨਾਲ ਨਾਲ ਕੈਨੇਡਾ ਨੂੰ ਹੁਲਾਰਾ ਮਿਲੇਗਾ।

# ਪਾਸਪੋਰਟ ਬੈਕਲਾਗ ਖ਼ਤਮ ਕਰਨ ਵੱਲ ਉਚੇਚਾ ਧਿਆਨ ਦੇ ਰਹੀ ਹੈ ਸਰਕਾਰ



ਓਟਵਾ, 26 ਜਨਵਰੀ (ਪੋਸਟ ਬਿਊਰੋ) : ਹੈਮਿਲਟਨ ਵਿੱਚ ਚੱਲ ਰਹੀ ਤਿੰਨ ਰੋਜ਼ਾ ਰਟਰੀਟ ਦੇ ਦੂਜੇ ਦਿਨ ਲਿਬਰਲ ਕੈਬਨਿਟ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਵੱਡੀ ਲਿਸਟ ਤਿਆਰ ਕੀਤੀ ਗਈ ਹੈ। ਇਸ ਵਿੱਚ ਮਹਿੰਗਾਈ ਨਾਲ ਪਹਿਲ ਦੇ ਆਧਾਰ ਉੱਤੇ ਨਜਿੱਠਣ ਤੋਂ ਇਲਾਵਾ ਦੇਸ਼ ਨੂੰ ਮੁਕਾਬਲੇਬਾਜ਼ੀ ਲਈ ਬਿਹਤਰ ਤਿਆਰ ਕਰਨਾ ਵੀ ਮੁੱਖ ਤੌਰ ਉੱਤੇ ਸ਼ਾਮਲ ਹੈ।

ਸੋਮਵਾਰ ਨੂੰ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨਾਲ ਰਟਰੀਟ ਪਹੁੰਚੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਜੇ ਬਹੁਤ ਸਾਰੇ ਕੰਮ ਕਰਨ ਵਾਲੇ ਪਏ ਹਨ। ਬਾਅਦ ਵਿੱਚ ਉਨ੍ਹਾਂ ਆਖਿਆ ਕਿ ਇਸ ਦੌਰਾਨ ਪਾਸਪੋਰਟ ਸਬੰਧੀ ਬੈਕਲਾਗ ਨੂੰ ਖ਼ਤਮ ਕੀਤਾ ਜਾਣਾ ਵੀ ਸਰਕਾਰ ਦੀ ਮੁੱਖ ਤਰਜੀਹ ਵਿੱਚ ਸ਼ਾਮਲ ਹੈ। ਫੈਮਿਲੀਜ਼ ਮੰਤਰੀ ਕਰੀਨਾ ਗੋਲਡ ਵੱਲੋਂ ਪਾਸਪੋਰਟ ਆਫਿਸਾਂ ਦੀ ਸਥਿਤੀ ਉੱਤੇ ਰੋਸ਼ਨੀ ਪਾਏ ਜਾਣ ਦੀ ਸੰਭਾਵਨਾ ਹੈ। ਇਹ ਪਾਸਪੋਰਟ ਆਫਿਸ ਕੋਵਿਡ-19 ਪਾਬੰਦੀਆਂ ਵਿੱਚ ਪਿਛਲੇ ਸਾਲ ਦਿੱਤੀ ਗਈ ਢਿੱਲ ਤੋਂ ਬਾਅਦ ਪਾਸਪੋਰਟ ਮੁੜ ਨੰਵਿਆਉਣ ਦੀਆਂ ਅਰਜ਼ੀਆਂ ਨਾਲ ਭਰੇ ਪਏ ਹਨ।

ਪਾਸਪੋਰਟਸ ਲਈ ਕਈ ਮਹੀਨਿਆਂ ਦੀ ਲੰਮੀਂ ਉਡੀਕ ਕਾਰਨ ਆਲੋਚਕਾਂ ਵੱਲੋਂ ਲਿਬਰਲਾਂ ਉੱਤੇ ਕੈਨੇਡੀਅਨਜ਼ ਨੂੰ ਮੁੱਢਲੀਆਂ ਸੇਵਾਵਾਂ ਤੋਂ ਵਾਂਝਾ ਰੱਖਣ ਦਾ ਦੋਸ਼ ਲਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿੱਛੇ ਜਿਹੇ ਕਰਵਾਏ ਗਏ ਕਈ ਸਰਵੇਖਣਾਂ ਵਿੱਚ ਲਿਬਰਲ ਕੰਜ਼ਰਵੇਟਿਵਾਂ ਤੋਂ ਪਿੱਛੇ ਚੱਲ ਰਹੇ ਹਨ ਤੇ ਹੈਮਿਲਟਨ ਵਿੱਚ ਰਟਰੀਟ ਕਰਵਾਉਣ ਦਾ ਇੱਕ ਕਾਰਨ ਇਹ ਵੀ ਹੈ ਕਿ ਇਹ ਦੇਸ਼ ਦੇ ਅਹਿਮ ਰੀਜਨਜ਼ ਵਿੱਚੋਂ ਇੱਕ ਹੈ ਤੇ ਜੇ ਲਿਬਰਲ ਸੱਤਾ ਵਿੱਚ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇੱਥੇ ਵੱਡੀ ਜਿੱਤ ਹਾਸਲ ਕਰਨ ਦੀ ਲੋੜ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਆਪਣੇ ਦਿਨ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹੈਮਿਲਟਨ ਦੀ ਮੇਅਰ ਐਂਡਰੀਆ ਹੌਰਵਥ ਨਾਲ ਮੁਲਾਕਾਤ ਕਰਕੇ ਕਰਨਗੇ।

# ਰੈਸਟੋਰੈਂਟ ਦੇ ਬਾਹਰ ਕੁੱਝ ਮੁਜ਼ਾਹਰਾਕਾਰੀਆਂ ਨੇ ਟਰੂਡੋ ਖਿਲਾਫ ਕੀਤੀ ਨਾਅਰੇਬਾਜ਼ੀ

ਹੈਮਿਲਟਨ, 26 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਨੂੰ ਹੈਮਿਲਟਨ ਦੇ ਰੈਸਟੋਰੈਂਟ ਦੇ ਬਾਹਰ ਕੁੱਝ ਮੁਜ਼ਾਹਰਾਕਾਰੀਆਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਖਿਲਾਫ ਮੁਜ਼ਾਹਰਾ ਕੀਤਾ ਗਿਆ। ਇਸ ਉੱਤੇ ਟਰੂਡੋ ਨੇ ਆਖਿਆ ਕਿ ਉਹ ਤੈਸ਼ ਵਿੱਚ ਆਏ ਹੋਏ ਲੋਕ ਸਨ।

ਸੋਸ਼ਲ ਮੀਡੀਆ ਉੱਤੇ ਪੋਸਟ ਕੀਤੇ ਗਏ ਇੱਕ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਜੇਮਜ਼ ਸਟਰੀਟ ਤੇ ਯੌਰਕ ਬੁਲੇਵਾਰਡ ਨੇੜੇ ਸਥਿਤ ਜੈਕਸਨ ਸਕੁਏਅਰ ਪਲਾਜ਼ਾ ਵਿੱਚ ਪ੍ਰਧਾਨ ਮੰਤਰੀ ਜਾ ਰਹੇ ਹਨ ਤੇ ਕੁੱਝ ਲੋਕਾਂ ਦਾ ਝੁੰਡ ਉਨ੍ਹਾਂ ਖਿਲਾਫ ਨਾਅਰੇਬਾਜ਼ੀ ਕਰ ਰਿਹਾ ਹੈ। ਇਸ



ਵੀਡੀਓ ਵਿੱਚ ਵਰਦੀਧਾਰੀ ਪੁਲਿਸ ਅਧਿਕਾਰੀ ਟਰੂਡੋ ਦੇ ਨਾਲ ਨਾਲ ਜਾਂਦੇ ਵੀ ਨਜ਼ਰ ਆ ਰਹੇ ਹਨ।

ਮੁਜ਼ਾਹਰਾਕਾਰੀਆਂ ਵੱਲੋਂ ਟਰੂਡੋ ਨੂੰ ਗੱਦਾਰ ਦੱਸਦਿਆਂ ਉਨ੍ਹਾਂ ਤੋਂ ਅਸਤੀਫੇ ਦੀ ਮੰਗ ਵੀ ਕੀਤੀ ਗਈ। ਬਹੁਤ ਸਾਰੇ ਮੁਜ਼ਾਹਰਾਕਾਰੀਆਂ ਨੇ ਕੈਨੇਡੀਅਨ ਝੰਡੇ ਵੀ ਚੁੱਕੇ ਹੋਏ ਸਨ। ਜ਼ਿਕਰਯੋਗ ਹੈ ਕਿ ਟਰੂਡੋ ਆਪਣੇ ਕੈਬਨਿਟ ਮੈਂਬਰਾਂ ਨਾਲ ਤਿੰਨ ਰੋਜ਼ਾ ਰਟਰੀਟ ਸਮਾਰੋਹ ਲਈ ਹੈਮਿਲਟਨ ਵਿੱਚ ਹਨ।

# ਹੈਲਥ ਕੇਅਰ ਸਬੰਧੀ ਨਵੀਂ ਡੀਲ ਵਾਸਤੇ ਫਰਵਰੀ ਵਿੱਚ ਮੁਲਾਕਾਤ ਕਰਨਗੇ ਟਰੂਡੋ ਤੇ ਕੈਨੇਡਾ ਦੇ ਪ੍ਰੀਮੀਅਰ

ਹੈਮਿਲਟਨ, 26 ਜਨਵਰੀ (ਪੋਸਟ ਬਿਊਰੋ) : ਹੈਲਥ ਕੇਅਰ ਲਈ ਨਵੇਂ ਫੰਡ ਸਬੰਧੀ ਨਵੀਂ ਡੀਲ ਕਰਨ ਲਈ ਕੋਈ ਰਾਹ ਲੱਭਣ ਵਾਸਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਕੈਨੇਡਾ ਦੇ ਪ੍ਰੀਮੀਅਰ ਅਗਲੇ ਮਹੀਨੇ ਓਟਵਾ ਵਿੱਚ ਮੁਲਾਕਾਤ ਕਰਨਗੇ।

ਟਰੂਡੋ ਵੱਲੋਂ ਇਹ ਐਲਾਨ ਬੁੱਧਵਾਰ ਸਵੇਰੇ ਕੀਤਾ ਜਾਵੇਗਾ। ਇਹ ਜਾਣਕਾਰੀ ਦੋ ਫੈਡਰਲ ਅਧਿਕਾਰੀਆਂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦਿੱਤੀ। ਅਗਲੇ ਹਫਤੇ ਪਾਰਲੀਆਮੈਂਟ ਦੀ ਕਾਰਵਾਈ ਮੁੜ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਮੰਤਰੀ ਮੰਡਲ ਵੱਲੋਂ ਹੈਮਿਲਟਨ, ਓਨਟਾਰੀਓ



ਵਿੱਚ ਤਿੰਨ ਰੋਜ਼ਾ ਰਟਰੀਟ ਪ੍ਰੋਗਰਾਮ ਵਿੱਚ ਹਿੱਸਾ ਲਿਆ ਜਾ ਰਿਹਾ ਹੈ। ਰਟਰੀਟ ਦੌਰਾਨ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਫੈਡਰਲ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਨਵੇਂ ਹੈਲਥ ਕੇਅਰ ਫੰਡਿੰਗ ਸਮਝੌਤੇ ਦਾ ਮੁੱਦਾ ਛਾਇਆ ਰਿਹਾ।

ਸੂਤਰਾਂ ਨੇ ਦੱਸਿਆ ਕਿ ਇਹ ਮੀਟਿੰਗ ਫੰਡਿੰਗ ਸਬੰਧੀ ਨਵਾਂ ਸਮਝੌਤਾ ਫਾਈਨਲ ਕਰਨ ਲਈ ਨਹੀਂ ਹੋਵੇਗੀ ਸਗੋਂ ਇਸ ਸਮਝੌਤੇ ਤੱਕ ਪਹੁੰਚਣ ਲਈ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨ ਵਾਸਤੇ ਹੋਵੇਗੀ। ਤਿੰਨ ਸਾਲ ਤੱਕ ਚੱਲੀ ਕੋਵਿਡ-19 ਮਹਾਂਮਾਰੀ ਤੇ ਹੈਲਥ ਕੇਅਰ ਵਰਕਰਜ਼ ਦੀ ਘਾਟ ਕਾਰਨ ਕੈਨੇਡਾ ਦਾ ਹੈਲਥ ਕੇਅਰ ਸਿਸਟਮ ਕਾਫੀ ਚਰਮਰਾ ਚੁੱਕਿਆ ਹੈ। ਪ੍ਰੀਮੀਅਰਜ਼ ਵੱਲੋਂ ਓਟਵਾ ਤੋਂ ਹੈਲਥ ਕੇਅਰ ਬਜਟ ਨੂੰ 22 ਫੀ ਸਦੀ ਤੋਂ ਵਧਾ ਕੇ 35 ਫੀ ਸਦੀ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਟਰੂਡੋ ਤੇ ਸਿਹਤ ਮੰਤਰੀ ਜੀਨ ਯਵੇਸ ਡਕਲਸ ਵੱਲੋਂ ਅਜੇ ਤੱਕ ਇਹ ਸਪਸ਼ਟ ਨਹੀਂ ਕੀਤਾ ਗਿਆ ਹੈ ਕਿ ਓਟਵਾ ਹੈਲਥ ਕੇਅਰ ਲਈ ਹੋਰ ਕਿੰਨਾਂ ਫੰਡ ਦੇਣਾ ਚਾਹੁੰਦਾ ਹੈ।

## ਸ਼ੋਕ ਸਮਾਚਾਰ

ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ: ਜਸਪਾਲ ਸਿੰਘ ਰੰਧਾਵਾ ਬੀਤੀ 24 ਜਨਵਰੀ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਕੇ ਇਸ ਦੁਨੀਆਂ ਨੂੰ ਸਦੀਵੀ ਤੌਰ ਤੇ ਅਲਵਿਦਾ ਕਹਿ ਗਏ ਹਨ। ਉਹ ਬੜੇ ਸੱਚੇ ਸੁੱਚੇ ਵਿਚਾਰਾਂ ਵਾਲੇ ਇਨਸਾਨ ਸਨ। ਹਮੇਸ਼ਾ ਕਮਿਉਨਟੀ ਦੇ ਕੰਮਾਂ ਵਿੱਚ ਵੱਧ ਚੁੱਕੇ ਹਿੱਸਾ ਲੈਂਦੇ ਸਨ। ਹਮੇਸ਼ਾ ਸਮਾਜ ਦੀਆਂ ਅਗਾਂਹ ਵਧੂ ਸੰਸਥਾਵਾਂ ਨਾਲ ਜੁੜੇ ਰਹੇ। ਕੁਲਦੀਪ ਰੰਧਾਵਾ ਜੀ ਦੇ ਜੋ ਪੰਜਾਬੀ ਆਰਟਸ ਐਸਿਸਿਏਸ਼ਨ ਦੇ ਸੀਨੀਅਰ ਮੈਂਬਰ ਹਨ ਉਹਨਾਂ ਦੇ ਪੁਤਰ ਹਨ ਤੇ ਬਲਕਾਰ ਸਿੰਘ ਜੋ ਰੈਕਸਡੇਲ ਗੁਰੂ ਦੇ ਪ੍ਰਬੰਧਕ ਵਿਚੋ ਹਨ, ਉਨ੍ਹਾਂ ਦੇ ਜਵਾਈ ਹਨ। ਉਹ ਆਪਣੇ ਪਿੱਛੇ ਬਹੁਤ ਵੱਡਾ ਪਰਿਵਾਰ ਛੱਡ ਗਏ ਹਨ, ਜੋ ਉਨ੍ਹਾਂ ਦੀ ਸੋਚ ਨੂੰ



ਅੱਗੇ ਲੈ ਕੇ ਜਾਣਗੇ।

ਸ: ਜਸਪਾਲ ਸਿੰਘ ਰੰਧਾਵਾ ਜੀ ਦਾ ਅੰਤਮ ਸਸਕਾਰ 27 ਜਨਵਰੀ ਦਿਨ ਸ਼ੁੱਕਰਵਾਰ ਨੂੰ 3 ਵਜੇ ਤੋਂ ਸ਼ਾਮ 5 ਵਜੇ ਤੱਕ Lotus Funeral and Cremation Center, 121 Cityview Dr. Toronto, Ontario ਵਿਖੇ ਕੀਤਾ ਜਾਵੇਗਾ ਅਤੇ ਅੰਤਮ ਅਰਦਾਸ Gurudwara Sikh Spiritual Centre, Rexdale ਵਿਖੇ ਕੀਤੀ ਜਾਵੇਗੀ।

# ਹੈਲਥ ਕੇਅਰ ਦੇ ਨਿੱਜੀਕਰਨ ਖਿਲਾਫ ਓਨਟਾਰੀਓ ਦੀਆਂ ਯੂਨੀਅਨਾਂ ਨੇ ਫੈਡਰਲ ਸਰਕਾਰ ਨੂੰ ਲਿਖਿਆ ਖੁੱਲ੍ਹਾ ਪੱਤਰ

ਓਨਟਾਰੀਓ, 26 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੀਆਂ ਸੱਭ ਤੋਂ ਵੱਡੀਆਂ ਪੰਜ ਹੈਲਥ ਕੇਅਰ ਯੂਨੀਅਨਜ਼ ਦਾ ਕਹਿਣਾ ਹੈ ਕਿ ਪ੍ਰੀਮੀਅਰ ਦੇ ਅਮੈਰੀਕਨ ਸਟਾਈਲ ਪ੍ਰਾਈਵੇਟ ਫੌਰ ਪਰੌਫਿਟ ਹਸਪਤਾਲ ਤਿਆਰ ਕਰਨ ਦੀ ਯੋਜਨਾ ਨਾਲ ਉਨ੍ਹਾਂ ਦੇ ਮੈਂਬਰ ਤੇ ਜਿਨ੍ਹਾਂ ਦੀ ਉਹ ਸੰਭਾਲ ਕਰਦੇ ਹਨ ਉਨ੍ਹਾਂ ਲਈ ਖਤਰਾ ਖੜ੍ਹਾ ਹੋ ਗਿਆ ਹੈ। ਯੂਨੀਅਨਾਂ ਨੇ ਫੈਡਰਲ ਸਰਕਾਰ ਤੋਂ ਵੀ ਇਹ ਮੰਗ ਕੀਤੀ ਹੈ ਕਿ ਕੈਨੇਡਾ ਹੈਲਥ ਟਰਾਂਸਫਰਜ਼ ਸਬੰਧੀ ਗੱਲਬਾਤ ਕਰਦੇ ਸਮੇਂ ਇਸ ਗੱਲ ਨੂੰ ਉਚੇਚੇ ਤੌਰ ਉੱਤੇ ਧਿਆਨ ਵਿੱਚ ਰੱਖਿਆ ਜਾਵੇ। ਕੂਪ, ਐਸਈਆਈਯੂ ਹੈਲਥਕੇਅਰ, ਓਪੀਐਸਈਯੂ/ਐਸਈਐਫਪੀਓ, ਓਐਨਏ ਤੇ ਯੂਨੀਫੌਰ ਦੇ ਆਗੂਆਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ



ਟਰੂਡੋ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਲਿਖੇ ਖੁੱਲ੍ਹੇ ਪੱਤਰ ਵਿੱਚ ਇਸ ਮੁੱਦੇ ਨੂੰ ਪਹਿਲੇ ਦੇ ਅਧਾਰ ਉੱਤੇ ਵਿਚਾਰਨ ਦੀ ਬੇਨਤੀ ਕੀਤੀ ਗਈ। 295,000 ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਇਨ੍ਹਾਂ ਯੂਨੀਅਨਾਂ ਨੇ ਆਖਿਆ ਕਿ ਡੱਗ ਫੋਰਡ ਵੱਲੋਂ ਪਹਿਲਾਂ ਹੀ ਉਨ੍ਹਾਂ ਦੇ ਮੈਂਬਰਾਂ ਨੂੰ ਕਈ ਤਰ੍ਹਾਂ ਨੁਕਸਾਨ ਪਹੁੰਚਾਇਆ ਜਾ ਚੁੱਕਿਆ ਹੈ। ਸਾਡੇ ਮੈਂਬਰ ਸਾਂਝੇ ਸਮਝੌਤੇ ਲਈ ਖੁੱਲ੍ਹ ਕੇ ਗੱਲਬਾਤ ਨਹੀਂ ਕਰ ਸਕਦੇ, ਫੈਡਰਲ ਫੰਡਾਂ, ਜਿਨ੍ਹਾਂ ਨੂੰ ਮਹਾਂਮਾਰੀ ਦੌਰਾਨ ਬਿਹਤਰ ਪਬਲਿਕ ਸੇਵਾਵਾਂ ਲਈ ਦਿੱਤਾ ਜਾਣਾ ਸੀ, ਦੀ ਮੁੜ ਟਰਾਂਸਫਰ ਦੇ ਨਾਂ ਉੱਤੇ ਹੈਲਥਕੇਅਰ ਸਿਸਟਮ ਨੂੰ ਫੋਰਡ ਸਰਕਾਰ ਵੱਲੋਂ ਘੱਟ ਫੰਡ ਦਿੱਤੇ ਜਾ ਰਹੇ ਹਨ।

ਇਸ ਪੱਤਰ ਵਿੱਚ ਇਹ ਵੀ ਲਿਖਿਆ ਗਿਆ ਕਿ ਪ੍ਰਾਈਵੇਟ ਕਲੀਨਿਕਸ ਨੂੰ ਫੰਡ ਮੁਹੱਈਆ ਕਰਵਾਏ ਜਾਣ ਨਾਲ ਓਨਟਾਰੀਓ ਦੇ ਪਬਲਿਕ ਹਸਪਤਾਲਾਂ ਦੀ ਹਾਈ ਕੁਆਲਿਟੀ ਕੇਅਰ ਮੁਹੱਈਆ ਕਰਵਾਉਣ ਦੀ ਸਮਰੱਥਾ ਘਟੇਗੀ ਤੇ ਫਰੰਟ ਲਾਈਨ ਸਟਾਫ ਲਈ ਚੁਣੌਤੀਆਂ ਹੋਰ ਵਧ ਜਾਣਗੀਆਂ। ਇਹ ਖਤਰਨਾਕ ਪਲੈਨ ਹੈ ਤੇ ਇਸ ਨਾਲ ਹਰ ਕਿਸੇ ਨੂੰ ਇੱਕੋ ਜਿਹੀ ਹੈਲਥਕੇਅਰ ਮੁਹੱਈਆ ਕਰਵਾਉਣ ਦਾ ਸੁਪਨਾ ਸਾਕਾਰ ਨਹੀਂ ਹੋ ਸਕੇਗਾ।

# ਹਾਈਵੇਅ 401 ਉੱਤੇ 6 ਗੱਡੀਆਂ ਆਪਸ ਵਿੱਚ ਟਕਰਾਈਆਂ



ਓਨਟਾਰੀਓ, 26 ਜਨਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀਆਂ ਨੂੰ 25 ਸੜਕ ਹਾਦਸਿਆਂ ਦੀਆਂ ਰਿਪੋਰਟਾਂ ਮਿਲੀਆਂ। ਬਰਫੀਲੇ ਤੂਫਾਨ ਤੋਂ ਬਾਅਦ ਸੜਕਾਂ ਉੱਤੇ ਤਿਲ੍ਹਕਣ ਵਧਣ ਕਾਰਨ ਜੀਟੀਏ ਦੇ ਡਰਾਈਵਰਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਹਾਲਾਂਕਿ ਬਹੁਤੇ ਵੱਡੇ ਰੂਟਾਂ ਤੋਂ ਬਰਫ ਹਟਾਉਣ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ ਤੇ ਰੀਜਨ ਲਈ ਬਰਫਬਾਰੀ ਸਬੰਧੀ ਚੇਤਾਵਨੀ ਵੀ ਖ਼ਤਮ ਕਰ ਦਿੱਤੀ ਗਈ ਹੈ ਪਰ ਅਜੇ ਵੀ ਆਵਾਜਾਈ ਵਿੱਚ ਵਿਘਣ ਪੈ ਰਿਹਾ ਹੈ। ਮਿਸੀਸਾਗਾ ਵਿੱਚ ਹਾਈਵੇਅ 401 ਰੈਂਪ ਤੋਂ ਡਿਕਸੀ ਰੋਡ ਤੱਕ ਛੇ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਇਨ੍ਹਾਂ ਗੱਡੀਆਂ ਨੂੰ ਹਟਾਉਣ ਲਈ ਲੇਨਜ਼ ਨੂੰ ਬੰਦ ਕਰਨਾ ਪਿਆ। ਇਸ ਦੌਰਾਨ ਕੁੱਝ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ।

ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਅਜੇ ਵੀ ਸੜਕਾਂ ਉੱਤੇ ਬਰਫ ਤੇ ਚਿੱਕੜ ਬਣਿਆ ਹੋਇਆ ਹੈ। ਸੜਕਾਂ ਅਜੇ ਵੀ ਗਿੱਲੀਆਂ ਹਨ ਤੇ ਤਾਪਮਾਨ ਵਿੱਚ ਕਾਫੀ ਗਿਰਾਵਟ ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 24 ਘੰਟਿਆਂ ਵਿੱਚ 300 ਦੇ ਨੇੜੇ ਤੇੜੇ ਗੱਡੀਆਂ ਹਾਦਸਾਗ੍ਰਸਤ ਹੋਈਆਂ।

# ਅਦਾਲਤ ਵੱਲੋਂ ਜਿਨਸੀ ਹਮਲੇ ਦੇ ਦੋਸ਼ਾਂ ਤੋਂ ਮੁਕਤ ਕੀਤੇ ਜਾਣ ਤੋਂ ਬਾਅਦ ਫੌਜ ਨੇ ਵੀ ਫੋਰਟਿਨ ਨੂੰ ਦਿੱਤੀ ਕਲੀਨ ਚਿੱਟ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਪਿਛਲੇ ਸਾਲ ਦੇ ਅੰਤ ਵਿੱਚ ਜਿਨਸੀ ਹਮਲੇ ਦੇ ਦੋਸ਼ਾਂ ਤੋਂ ਬਰੀ ਕਰ ਦਿੱਤੇ ਜਾਣ ਤੋਂ ਬਾਅਦ ਕੈਨੇਡੀਅਨ ਫੌਜ ਵੱਲੋਂ ਵੀ ਇਸ ਗੱਲ ਉੱਤੇ ਮੋਹਰ ਲਾ ਦਿੱਤੀ ਗਈ ਹੈ ਕਿ ਮੇਜਰ ਜਨਰਲ ਡੈਨੀ ਫੋਰਟਿਨ ਕਿਸੇ ਤਰ੍ਹਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਸ਼ਾਮਲ ਨਹੀਂ ਸਨ।

ਕੈਨੇਡੀਅਨ ਆਰਮਡ ਫੋਰਸਿਜ਼ ਦੇ ਬੁਲਾਰੇ ਡੈਨੀਅਲ ਲੀ ਬੌਥੀਲੀਅਰ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇਸ ਮਾਮਲੇ ਦੇ ਕੀਤੇ ਗਏ ਮੁਲਾਂਕਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਪ੍ਰਸ਼ਾਸਕੀ ਕਾਰਵਾਈ ਜਾਂ ਫਿਰ ਪ੍ਰਸ਼ਾਸਕੀ ਮੁਲਾਂਕਣ ਦੀ ਲੋੜ ਮਹਿਸੂਸ ਨਹੀਂ ਹੋ ਰਹੀ। ਉਨ੍ਹਾਂ ਆਖਿਆ ਕਿ ਫੋਰਟਿਨ ਨੂੰ ਉਨ੍ਹਾਂ ਦੇ ਰੈਂਕ ਤੇ ਤਜਰਬੇ ਦੇ ਹਿਸਾਬ ਨਾਲ ਢੁਕਵੀਂ ਡਿਊਟੀ ਦਿੱਤੀ ਜਾਵੇਗੀ ਪਰ ਅਜਿਹਾ ਕਦੋਂ ਹੋਵੇਗਾ ਇਸ ਬਾਰੇ ਉਨ੍ਹਾਂ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਆਖਿਆ ਕਿ ਉਹ ਇਹ ਮੰਨਦੇ ਹਨ ਕਿ ਇਹ ਇੱਕ ਲੰਮੀਂ ਤੇ ਮੁਸ਼ਕਲ ਪ੍ਰਕਿਰਿਆ ਸੀ ਤੇ



ਇਸ ਮਾਮਲੇ ਨਾਲ ਜੁੜੇ ਸਾਰੇ ਲੋਕਾਂ ਉੱਤੇ ਇਸ ਨੇ ਡੂੰਘਾ ਅਸਰ ਪਾਇਆ।

ਜ਼ਿਕਰਯੋਗ ਹੈ ਕਿ ਕਿਊਬਿਕ ਦੇ ਸਿਵਲੀਅਨ ਜੱਜ ਨੇ ਪਿਛਲੇ ਮਹੀਨੇ ਸੁਣਾਏ ਇਸ ਮਾਮਲੇ ਦੇ ਫੈਸਲੇ ਵਿੱਚ ਆਖਿਆ ਸੀ ਕਿ ਕ੍ਰਾਊਨ ਪ੍ਰੌਸੀਕਿਊਟਰ 1988 ਵਿੱਚ ਮਿਲਟਰੀ ਕਾਲਜ ਦੀ ਵਿਦਿਆਰਥਣ ਉੱਤੇ ਫੋਰਟਿਨ ਵੱਲੋਂ ਕੀਤੇ ਗਏ ਜਿਨਸੀ ਹਮਲੇ ਨੂੰ ਸ਼ੱਕ ਤੋਂ ਅਗਾਂਹ ਸਾਬਿਤ ਕਰਨ ਵਿੱਚ ਨਾਕਾਮਯਾਬ ਰਹੇ। ਇੱਥੇ ਦੱਸਣਾ ਬਣਦਾ ਹੈ ਕਿ ਜਿਸ ਸਮੇਂ ਫੋਰਟਿਨ ਉੱਤੇ ਜਿਨਸੀ ਹਮਲੇ ਦੇ ਸਬੰਧ ਵਿੱਚ ਇਹ ਦੋਸ਼ ਲਾਏ ਗਏ ਸਨ ਤਾਂ ਉਹ ਸਰਕਾਰ ਦੀ ਕੋਵਿਡ-19 ਵੈਕਸੀਨ ਵੰਡ ਮੁਹਿੰਮ ਦੇ ਹੈੱਡ ਸਨ। ਇਸ ਮਾਮਲੇ ਦੀ ਜਾਂਚ ਦੇ ਚੱਲਦਿਆਂ ਮਈ 2021 ਵਿੱਚ ਫੋਰਟਿਨ ਨੂੰ ਉਨ੍ਹਾਂ ਦੀ ਇਸ ਭੂਮਿਕਾ ਤੋਂ ਹਟਾ ਦਿੱਤਾ ਗਿਆ ਸੀ।

ਇਸ ਤੋਂ ਬਾਅਦ ਫੋਰਟਿਨ ਵੱਲੋਂ ਫੈਡਰਲ ਅਦਾਲਤ ਦੀਆਂ ਵੱਖ ਵੱਖ ਪ੍ਰੋਸੀਡਿੰਗਜ਼ ਵਿੱਚ ਇਹ ਦਾਅਵਾ ਕੀਤਾ ਜਾਂਦਾ ਰਿਹਾ ਕਿ ਉਨ੍ਹਾਂ ਨੂੰ ਸਿਆਸੀ ਦਖਲਅੰਦਾਜ਼ੀ ਦੇ ਚੱਲਦਿਆਂ ਤੇ ਬਿਨਾਂ ਸਹੀ ਪ੍ਰਕਿਰਿਆ ਦੇ ਹਟਾਇਆ ਗਿਆ ਹੈ। ਪਰ ਸਰਕਾਰ ਵੱਲੋਂ ਫੋਰਟਿਨ ਦੇ ਇਨ੍ਹਾਂ ਦਾਅਵਿਆਂ ਨੂੰ ਮੂਲੋਂ ਨਕਾਰ ਦਿੱਤਾ ਗਿਆ।

# ਪ੍ਰੋਵਿੰਸਾਂ ਨਾਲ ਸਮਝੌਤਾ ਕਰਕੇ ਹੈਲਥ ਕੇਅਰ ਸਿਸਟਮ ਨੂੰ ਮਜ਼ਬੂਤ ਕਰਨਾ ਲਿਬਰਲ ਸਰਕਾਰ ਦੀ ਮੁੱਖ ਤਰਜੀਹ : ਲੀਬਲਾਂਕ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ 2023 ਦੇ ਫੈਡਰਲ ਬਜਟ ਨੂੰ ਪੇਸ਼ ਕਰਨ ਤੋਂ ਪਹਿਲਾਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਲਾਂਗ ਟਰਮ ਫੰਡਿੰਗ ਸਬੰਧੀ ਸਮਝੌਤਿਆਂ ਉੱਤੇ ਸਹੀ ਪਾ ਲੈਣਾ ਚਾਹੁੰਦੀ ਹੈ।

ਲੀਬਲਾਂਕ ਨੇ ਆਖਿਆ ਕਿ ਪ੍ਰੋਵਿੰਸਾਂ ਨਾਲ ਸਮਝੌਤਾ ਕਰਕੇ ਹੈਲਥ ਕੇਅਰ ਸਿਸਟਮ ਨੂੰ ਮਜ਼ਬੂਤ ਕਰਨਾ ਲਿਬਰਲ ਸਰਕਾਰ ਦੀ ਮੁੱਖ ਤਰਜੀਹ ਹੈ। ਲੀਬਲਾਂਕ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਫੈਡਰਲ ਸਰਕਾਰ ਪ੍ਰੋਵਿੰਸਾਂ ਨੂੰ ਦਿੱਤੇ ਜਾਣ ਵਾਲੇ ਫੰਡਾਂ, ਜਿਨ੍ਹਾਂ ਨੂੰ ਕੈਨੇਡਾ ਹੈਲਥ ਟਰਾਂਸਫਰ (ਸੀਐਚਟੀ), ਵਿੱਚ ਵਾਧਾ ਕਰਨ ਦੇ ਨਾਲ ਨਾਲ ਆਉਣ ਵਾਲੇ ਦਸਾਂ ਸਾਲਾਂ ਵਿੱਚ ਮੁੱਖ ਤਰਜੀਹ ਵਾਲੇ ਖੇਤਰਾਂ ਵਿੱਚ ਫੈਡਰਲ ਪੈਸਾ ਲਾਉਣ ਬਾਰੇ ਸਮਝੌਤੇ ਉੱਤੇ ਦਸਤਖ਼ਤ ਕਰਨ ਦੀ ਵੀ ਚਾਹਵਾਨ ਹੈ। ਹੈਮਿਲਟਨ, ਓਨਟਾਰੀਓ ਵਿੱਚ ਚੱਲ ਰਹੀ ਲਿਬਰਲ ਕੈਬਨਿਟ ਰਟਰੀਟ ਦੌਰਾਨ ਇੱਕ ਇੰਟਰਵਿਊ ਵਿੱਚ



ਲੀਬਲਾਂਕ ਨੇ ਆਖਿਆ ਕਿ ਆਉਣ ਵਾਲੇ ਦੋ ਹਫਤਿਆਂ ਵਿੱਚ ਕਿਸੇ ਤਰ੍ਹਾਂ ਦਾ ਸਮਝੌਤਾ ਹੋਣ ਦੀ ਉਨ੍ਹਾਂ ਨੂੰ ਉਮੀਦ ਨਹੀਂ ਹੈ ਪਰ ਫੈਡਰਲ ਬਜਟ ਤੋਂ ਪਹਿਲਾਂ ਕੈਨੇਡੀਅਨਜ਼ ਨੂੰ ਫਾਇਦਾ ਪਹੁੰਚਾਉਣ ਵਾਲੇ ਕਿਸੇ ਸਮਝੌਤੇ ਉੱਤੇ ਪਹੁੰਚਣ ਦੀ ਉਨ੍ਹਾਂ ਨੂੰ ਪੂਰੀ ਆਸ ਹੈ।

ਉਨ੍ਹਾਂ ਆਖਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਪ੍ਰੋਵਿੰਸਾਂ ਨਾਲ ਇਸ ਮੁੱਦੇ ਉੱਤੇ ਹੋਰ ਤਫਸੀਲ ਨਾਲ ਗੱਲਬਾਤ ਹੋਣ ਦੀ ਸੰਭਾਵਨਾ ਵੀ ਹੈ। ਲੀਬਲਾਂਕ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਜੇ ਪ੍ਰੀਮੀਅਰਜ਼ ਇਹ ਸੋਚ ਰਹੇ ਹਨ ਕਿ ਕੁੱਝ ਅਹਿਮ ਹੈਲਥ ਕੇਅਰ ਚੁਣੌਤੀਆਂ ਨਾਲ ਨਜਿੱਠਣ ਲਈ ਪੰਜ ਸਾਲਾ ਸਮਝੌਤਾ ਕਾਫੀ ਨਹੀਂ ਹੈ ਤਾਂ ਉਹ ਠੀਕ ਸੋਚ ਰਹੇ ਹਨ। ਇਸ ਦਾ ਵੱਡਾ ਕਾਰਨ ਲੀਬਲਾਂਕ ਨੇ ਕੈਨੇਡਾ ਦੀ ਵੱਧ ਰਹੀ ਆਬਾਦੀ ਤੇ ਉਮਰਦਰਾਜ਼ ਹੋ ਰਹੀ ਆਬਾਦੀ ਦੱਸਿਆ।

ਉਨ੍ਹਾਂ ਆਖਿਆ ਕਿ ਇਸ ਸਮੇਂ ਫੈਮਿਲੀ ਹੈਲਥ ਟੀਮਾਂ ਤੱਕ ਪਹੁੰਚ ਯਕੀਨੀ ਬਣਾਉਣਾ, ਸਰਜੀਕਲ ਬੈਕਲਾਗ ਨੂੰ ਘਟਾਉਣਾ ਤੇ ਸਟਾਫਿੰਗ ਵਿੱਚ ਸੁਧਾਰ ਲਿਆਉਣਾ ਅਜਿਹੀਆਂ ਮੁੱਖ ਗੱਲਾਂ ਹਨ ਜਿਨ੍ਹਾਂ ਵੱਲ ਫੈਡਰਲ ਸਰਕਾਰ ਧਿਆਨ ਦੇ ਰਹੀ ਹੈ। ਉਨ੍ਹਾਂ ਆਖਿਆ ਕਿ ਫੈਡਰਲ ਲਿਬਰਲ ਕੈਬਨਿਟ ਰਟਰੀਟ ਵਿੱਚ ਵੀ ਚਰਚਾ ਦਾ ਇਹ ਮੁੱਖ ਮੁੱਦਾ ਰਿਹਾ।

# ਗੋਰ ਰੋਡ ਉਤੇ ਸਥਿਤ ਹਿੰਦੂ ਸਭਾ ਮੰਦਰ ਦੀ ਚੋਣ 29 ਅਪ੍ਰੈਲ ਨੂੰ, ਗਲਤ ਪ੍ਰਚਾਰ ਤੋਂ ਬਚੋ : ਕੁਲਦੀਪ ਗੁਪਤਾ

ਬਰੈਂਪਟਨ, 26 ਜਨਵਰੀ (ਪੋਸਟ ਬਿਊਰੋ): ਬਰੈਂਪਟਨ ਗੋਰ ਰੋਡ ਉਤੇ ਸਥਿਤ ਪ੍ਰਸਿੱਧ ਹਿੰਦੂ ਸਭਾ ਮੰਦਰ ਦੀ ਪ੍ਰਬੰਧਕੀ ਕਮੇਟੀ ਦੀ ਚੋਣ 29 ਅਪ੍ਰੈਲ ਨੂੰ ਹੋਣ ਜਾ ਰਹੀ ਹੈ। ਇਸ ਚੋਣ ਲਈ ਜੋ ਮੰਦਰ ਦੇ ਮੈਂਬਰ ਹਨ, ਉਹ ਆਪਣੀ ਵੋਟ ਪਾ ਕੇ ਨਵੀਂ ਕਮੇਟੀ ਨੂੰ ਚੁਣ ਸਕਦੇ ਹਨ। ਇਸ ਕਮੇਟੀ ਲਈ ਮੈਂਬਰ ਬਣਨ ਵਾਸਤੇ ਵਕੀਲ ਅਮਨਦੀਪ ਢਿੱਲੋਂ, ਜੋਕਿ ਹਰ ਮੰਗਲਵਾਰ ਸ਼ਾਮ 7 ਤੋਂ 9 ਵਜੇ ਤੱਕ ਅਤੇ ਹਰ ਐਤਵਾਰ 11 ਵਜੇ ਤੋਂ 1 ਵਜੇ ਤੱਕ ਮੰਦਰ ਵਿਚ ਬੈਠਦੇ ਹਨ। ਇਸ ਮੰਦਰ ਦੀ ਨਵੀਂ ਕਮੇਟੀ ਚੁਣਨ ਵਾਸਤੇ ਵੋਟ ਪਾਉਣ ਲਈ ਯੋਗ ਹੋਣ ਲਈ 51 ਡਾਲਰ ਦੀ ਮੈਂਬਰਸ਼ਿਪ ਫੀਸ ਰੱਖੀ ਗਈ ਹੈ, ਜੋ 4 ਅਪ੍ਰੈਲ ਤੱਕ ਚੱਲੇਗੀ। ਸ਼੍ਰੀ ਗੁਪਤਾ ਨੇ ਦੱਸਿਆ ਕਿ ਮੌਜੂਦਾ ਪ੍ਰਬੰਧਕ ਕਮੇਟੀ ਵਲੋਂ ਬਹੁਤ ਵਧੀਆ ਕੰਮ ਕੀਤੇ ਗਏ ਹਨ। ਸ਼੍ਰੀ ਗੁਪਤਾ ਪਿਛਲੇ 6 ਸਾਲ ਤੋਂ ਪ੍ਰਮੁੱਖ ਪ੍ਰਬੰਧਕ ਦੇ ਤੌਰ ਉਤੇ ਗੋਰ ਮੰਦਰ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ 6 ਸਾਲ ਦੇ ਇਸ ਕਾਰਜਕਲ ਦੌਰਾਨ ਮੰਦਰ ਨੂੰ ਕਰਜ਼ੇ ਵਿਚੋਂ ਕੱਢਿਆ ਤੇ ਇਸ ਸਮੇਂ ਮੰਦਰ ਦੇ ਅਕਾਊਂਟ ਵਿਚ ਸਰਪਲੱਸ ਪੈਸੇ ਹਨ। ਇਸ ਦੇ ਨਾਲ ਨਾਲ ਮੰਦਰ ਵਿਚ ਕਈ ਪ੍ਰਮੁੱਖ ਕੰਮ ਵੀ ਕਰਵਾਏ ਗਏ ਹਨ ਤੇ ਆਉਣ ਵਾਲੇ ਸਮੇਂ ਵਿਚ ਸ਼੍ਰੀ ਹਨੂਮਾਨ ਜੀ ਦੀ ਇਕ ਵੱਡੀ ਮੂਰਤੀ ਦੀ ਵੀ ਸਥਾਪਨਾ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਮੰਦਰ ਵਿਚ ਵੱਡੇ ਪੱਧਰ ਉਤੇ ਲੈਂਡਸਕੇਪਿੰਗ ਦਾ ਕੰਮ ਕੀਤਾ ਗਿਆ ਅਤੇ ਇਸ ਸਮੇਂ ਪਿਛਲੇ ਪਾਸੇ ਬੈਂਕੁਇਟ ਹਾਲ ਬਣਾਉਣ ਦਾ ਕੰਮ ਵੀ ਸ਼ੁਰੂ ਹੋ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਮੰਦਰ ਇਸ ਸਮੇਂ ਕੈਨੇਡਾ ਦੇ ਸਿਆਸੀ ਅਤੇ ਸਮਾਜਿਕ ਅਦਾਰਿਆਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ ਅਤੇ ਮੰਦਰ ਵਿਚ ਇਸ ਸਮੇਂ ਹੋ ਰਹੇ ਵੱਡੇ ਵੱਡੇ ਇਕੱਠ ਨਾਰਥ ਅਮਰੀਕਾ ਵਿਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਉਨ੍ਹਾਂ ਪਿਛਲੇ ਸਾਲ ਹੋਏ ਦੁਸਹਿਰੇ ਦੇ ਇਕੱਠ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਪ੍ਰਬੰਧਕੀ ਕਮੇਟੀ ਦਾ ਹੀ ਉਦਮ ਸੀ ਕਿ 40 ਹਜਾਰ ਦੇ ਕਰੀਬ ਲੋਕਾਂ ਦਾ ਇਕੱਠ ਇਸ ਮੰਦਰ ਵਿਚ ਹੋਇਆ ਤੇ ਸਭ ਨੇ ਦੁਸਹਿਰੇ ਦੇ ਸਮਾਗਮਾਂ ਦਾ ਆਨੰਦ ਮਾਣਿਆ। ਉਨ੍ਹਾਂ ਇਹ ਵੀ ਦੱਸਿਆ ਕਿ 18 ਫਰਵਰੀ ਨੂੰ ਸ਼ਿਵਰਾਤਰੀ ਦਾ ਵੱਡਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ। ਜਿਸ ਵਿਚ ਹਜ਼ਾਰਾਂ ਲੋਕਾਂ ਦੀ ਸ਼ਮੂਲੀਅਤ ਦੀ ਆਸ ਕੀਤੀ ਜਾ ਰਹੀ ਹੈ।

ਉਨ੍ਹਾਂ ਜਿੱਥੇ ਮੌਜੂਦਾ ਪ੍ਰਬੰਧਕੀ ਕਮੇਟੀ ਨੂੰ ਲੋਕਾਂ ਵਲੋਂ ਦਿੱਤੇ ਸਹਿਯੋਗ ਦੀ ਸ਼ਲਾਘਾ ਕੀਤੀ, ਉਥੇ ਹੀ ਉਨ੍ਹਾਂ ਕੁੱਝ ਲੋਕਾਂ ਤੋਂ ਵੀ ਬਚਣ ਦੀ ਵੀ ਅਪੀਲ ਕੀਤੀ, ਜੋ ਇਸ ਸਮੇਂ ਮੰਦਰ ਪ੍ਰਤੀ ਕੂੜ ਪ੍ਰਚਾਰ ਕਰ ਰਹੇ ਹਨ ਅਤੇ ਮੰਦਰ ਦੇ ਮੌਜੂਦਾ ਪ੍ਰਬੰਧਕੀ ਕਮੇਟੀ ਦੇ ਕੁੱਝ ਮੈਂਬਰਾਂ ਉਤੇ ਬੇਤੁਕੇ ਇਲਜਾਮ ਲਗਾ ਰਹੇ ਹਨ। ਸ਼੍ਰੀ ਗੁਪਤਾ ਨੇ ਕਿਹਾ ਕਿ ਇਕ ਵਾਰ ਫੇਰ ਉਹ ਆਪਣੀ ਸੇਵਾ ਕਰਨ ਲਈ ਤਿਆਰ ਹਨ ਤਾਂ ਜੋ ਕਿ ਮੰਦਰ ਦੇ ਕੁੱਝ ਅਧੂਰੇ ਪਏ ਕਾਰਜ ਉਹ ਨੇਪਰੇ ਚਾੜ੍ਹ ਸਕਣ। ਉਨ੍ਹਾਂ ਭਾਈਚਾਰੇ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਮੰਦਰ ਦੀ ਮੈਂਬਰਸ਼ਿਪ ਲਵੋ ਅਤੇ ਮੌਜੂਦਾ ਪ੍ਰਬੰਧਕੀ ਕਮੇਟੀ ਦੇ ਚੰਗੇ ਪ੍ਰਬੰਧਕੀ ਢਾਂਚੇ ਨੂੰ ਬਰਕਰਾਰ ਰੱਖਣ ਲਈ ਸਹਿਯੋਗ ਦੇਵੋ। ਇਸ ਮੌਕੇ 'ਤੇ ਕੁਲਦੀਪ ਗੁਪਤਾ, ਰਾਜੇਸ਼ ਮੋਹਨ, ਅਸ਼ਵਨੀ ਜੋਸ਼ੀ, ਅਸ਼ੋਕ ਕਪੂਰ, ਮੋਹਨ ਮਾਗੋ, ਅਜੈ ਸ਼ਰਮਾ ਵੀ ਹਾਜ਼ਿਰ ਸਨ।

# ਡੰਪ ਟਰੱਕ ਨਾਲ ਉਲਝ ਕੇ ਹਾਈਡਰੋ ਤਾਰਾਂ ਟੁੱਟੀਆਂ, ਕਈ ਘਰਾਂ ਦੀ ਬਿਜਲੀ ਹੋਈ ਗੁੱਲ

ਬਰੈਂਪਟਨ, 26 ਜਨਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਬਰੈਂਪਟਨ ਵਿੱਚ ਡੰਪ ਟਰੱਕ ਦੇ ਹਾਈਡਰੋ ਤਾਰਾਂ (ਬਿਜਲੀ ਦੀਆਂ ਤਾਰਾਂ) ਨਾਲ ਉਲਝ ਜਾਣ ਕਾਰਨ ਕਈ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਗੁੱਲ ਹੋ ਗਈ।

ਇਹ ਘਟਨਾ ਸਵੇਰੇ 6:30 ਵਜੇ ਹਾਈਵੇਅ 410 ਤੇ ਰੁਦਰਫੋਰਡ ਰੋਡ ਦਰਮਿਆਨ ਕਲਾਰਕ ਬੁਲੇਵਾਰਡ ਉੱਤੇ ਵਾਪਰੀ। ਪੀਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਡੰਪ ਟਰੱਕ ਜਦੋਂ ਇਸ ਰਸਤੇ ਤੋਂ ਲੰਘ



ਰਿਹਾ ਸੀ ਤਾਂ ਉਸ ਦਾ ਪਿਛਲਾ ਹਿੱਸਾ ਉੱਪਰ ਚੁੱਕਿਆ ਹੋਇਆ ਸੀ ਜਿਸ ਕਾਰਨ ਬਿਜਲੀ ਦੀਆਂ ਤਾਰਾਂ ਉਸ ਵਿੱਚ ਉਲਝ ਕੇ ਟੁੱਟ ਗਈਆਂ। ਇਸ ਘਟਨਾ ਵਿੱਚ ਸ਼ਾਮਲ ਟਰੱਕ ਮੌਕੇ ਉੱਤੇ ਹੀ ਮੌਜੂਦ ਰਿਹਾ ਤੇ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

# ਬੈਟਲ ਟੈਂਕ ਯੂਕਰੇਨ ਭੇਜਣ ਦੇ ਸਵਾਲ ਉੱਤੇ ਆਨੰਦ ਨੇ ਧਾਰੀ ਚੁੱਪ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਇਸ ਹਫਤੇ 50 ਡਿਫੈਂਸ ਆਗੂਆਂ ਨੂੰ ਮਿਲਣ ਤੋਂ ਬਾਅਦ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਆਖਿਆ ਕਿ ਉਹ ਅਜੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦੇ ਸਕਦੇ ਕਿ ਜੇ ਜਰਮਨੀ ਵੱਲੋਂ ਐਕਸਪਰਟ ਨੂੰ ਹਰੀ ਝੰਡੀ ਦੇ ਦਿੱਤੀ ਜਾਂਦੀ ਹੈ ਤਾਂ ਕੀ ਕੈਨੇਡਾ ਆਪਣੇ ਕੁੱਝ ਜੰਗ ਵਾਲੇ ਟੈਂਕ ਯੂਕਰੇਨ ਭੇਜਣ ਲਈ ਤਿਆਰ ਹੈ।



ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਵਾਰੀ ਵਾਰੀ ਇਨ੍ਹਾਂ ਟੈਂਕਸ ਲਈ ਮੰਗ ਕੀਤੀ ਜਾ ਰਹੀ ਹੈ। ਪਰ ਇਸ ਹਫਤੇ ਰਾਮਸਟੇਨ ਏਅਰ ਬੇਸ ਵਿਖੇ ਹੋਈਆਂ ਮੀਟਿੰਗਾਂ ਤੋਂ ਬਾਅਦ ਯੂਕਰੇਨ ਡਿਫੈਂਸ ਕਾਂਟੈਕਟ ਗਰੁੱਪ ਦੇ ਮੈਂਬਰ ਇਸ ਫੈਸਲੇ ਉੱਤੇ ਪਹੁੰਚਣ ਤੋਂ ਅਸਫਲ ਰਹੇ ਕਿ ਯੂਕਰੇਨ ਕੀ ਭੇਜਿਆ ਜਾਵੇ। ਕੈਨੇਡਾ ਕੋਲ 82 ਜਰਮਨ ਮੇਡ ਲੈਪਰਡ 2 ਟੈਂਕਸ ਹਨ ਪਰ ਇਨ੍ਹਾਂ ਨੂੰ ਯੂਕਰੇਨ ਭੇਜਣ ਤੋਂ ਪਹਿਲਾਂ ਜਰਮਨੀ ਦੀ ਇਜਾਜ਼ਤ ਦੀ ਲੋੜ ਹੈ ਤੇ ਇਹ ਇਜਾਜ਼ਤ ਅਜੇ ਹਾਸਲ ਨਹੀਂ ਹੋਈ ਹੈ।

ਐਤਵਾਰ ਨੂੰ ਇੱਕ ਇੰਟਰਵਿਊ ਦੌਰਾਨ ਅਨੀਤਾ ਆਨੰਦ ਨੇ ਆਖਿਆ ਕਿ ਕੈਨੇਡਾ ਜਿੰਨੀ ਹੋ ਸਕੇ ਓਨੀ ਮਿਲਟਰੀ ਮਦਦ ਯੂਕਰੇਨ ਭੇਜਣ ਲਈ ਵਚਨਬੱਧ ਹੈ।ਪਰ ਜਦੋਂ ਇਹ ਗੱਲ ਜ਼ੋਰ ਦੇ ਕੇ ਪੁੱਛੀ ਗਈ ਕਿ ਜੇ ਜਰਮਨੀ ਹਾਮੀ ਭਰਦਾ ਹੈ ਤਾਂ ਕੀ ਕੈਨੇਡਾ ਆਪਣੇ ਬੈਟਲ ਟੈਂਕ ਯੂਕਰੇਨ ਭੇਜੇਗਾ ? ਇਸ ਉੱਤੇ ਆਨੰਦ ਨੇ ਆਖਿਆ ਕਿ ਇਸ ਬਾਰੇ ਅਜੇ ਉਨ੍ਹਾਂ ਕੋਲ ਦੱਸਣ ਲਈ ਕੁੱਝ ਨਹੀਂ ਹੈ।ਆਨੰਦ ਨੇ ਆਖਿਆ ਕਿ ਅਗਲੇ ਮਹੀਨੇ ਡਿਫੈਂਸ ਆਗੂ ਇੱਕ ਵਾਰੀ ਫਿਰ ਬਰੱਸਲਜ਼ ਵਿੱਚ ਮਿਲਣਗੇ।

# ਆਪਣੀ ਸਰਜਰੀ ਦੀ ਉਡੀਕ ਕਰ ਰਹੇ 12,000 ਬੱਚਿਆਂ ਲਈ ਹਸਪਤਾਲਾਂ ਨੇ ਸਰਕਾਰ ਤੋਂ ਮੰਗੀ ਮਦਦ

ਓਨਟਾਰੀਓ, 26 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਭਰ ਵਿੱਚ 12,000 ਬੱਚੇ ਇਸ ਸਮੇਂ ਆਪਣੀ ਸਰਜਰੀ ਲਈ ਉਡੀਕ ਕਰ ਰਹੇ ਹਨ। ਚਾਰ ਮੁੱਖ ਪੀਡੀਐਟ੍ਰਿਕ ਹਸਪਤਾਲਾਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਵੱਡੀ ਸਮੱਸਿਆ ਹੈ ਤੇ ਇਸ ਨੂੰ ਹੱਲ ਕਰਨ ਲਈ ਉਨ੍ਹਾਂ ਨੂੰ ਪ੍ਰੋਵਿੰਸ ਦੀ ਮਦਦ ਦੀ ਲੋੜ ਹੈ।



ਵਾਇਰਲ ਹੋਈ ਸਾਹ ਸਬੰਧੀ ਬਿਮਾਰੀ ਕਾਰਨ ਟੋਰਾਂਟੋ ਵਿੱਚ ਹਾਸਪਿਟਲ ਫੌਰ ਸਿੱਕ ਚਿਲਡਰਨ, ਹੈਮਿਲਟਨ ਵਿੱਚ ਮੈਕਮਾਸਟਰ ਚਿਲਡਰਨਜ਼ ਹਾਸਪਿਟਲ, ਲੰਡਨ ਹੈਲਥ ਸਾਇੰਸਿਜ਼ ਸੈਂਟਰ ਵਿਖੇ ਚਿਲਡਰਨਜ਼ ਹਾਸਪਿਟਲ ਤੇ ਓਟਵਾ ਸਥਿਤ ਹੈਲਥ ਕੇਅਰ ਐਂਡ ਰਿਸਰਚ ਫੈਸਿਲਿਟੀ ਸੀਐਚਈਓ ਭਰੇ ਪਏ ਸਨ। ਹਸਪਤਾਲਾਂ ਨੇ ਆਖਿਆ ਕਿ ਤਿੰਨ ਮਹੀਨਿਆਂ ਦੇ ਲਗਾਤਾਰ ਵਾਧੇ ਤੋਂ ਬਾਅਦ ਇਨ੍ਹਾਂ ਮਾਮਲਿਆਂ ਵਿੱਚ ਕਮੀ ਆਈ ਪਰ ਇਸ ਦੌਰਾਨ ਕਈ ਆਪਰੇਸ਼ਨ ਕੈਂਸਲ ਕਰਨੇ ਪਏ ਤੇ ਲੋੜੋਂ ਵੱਧ ਭਰੇ ਹੋਏ ਐਮਰਜੰਸੀ ਡਿਪਾਰਟਮੈਂਟਸ ਤੇ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਸਟਾਫ ਨੂੰ ਮੁੜ ਤਾਇਨਾਤ ਕੀਤਾ ਗਿਆ।

ਪਰ ਇਸ ਅਰਸੇ ਦੌਰਾਨ ਹੀ ਆਪਰੇਸ਼ਨਾਂ ਦੀ ਉਡੀਕ ਸੂਚੀ ਹੋਰ ਲੰਮੀਂ ਹੁੰਦੀ ਗਈ। 11,789 ਬੱਚਿਆਂ ਵਿੱਚੋਂ ਅੱਧੇ ਤਾਂ ਡਾਕਟਰਾਂ ਵੱਲੋਂ ਆਪਰੇਸ਼ਨਾਂ ਲਈ ਦਿੱਤੀ ਗਈ ਤਰੀਕ ਤੋਂ ਬਾਅਦ ਵੀ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ। ਹਸਪਤਾਲਾਂ ਦਾ ਕਹਿਣਾ ਹੈ ਕਿ ਇਸ ਲਈ ਮੁੱਖ ਤੌਰ ਉੱਤੇ ਸਾਹ ਸਬੰਧੀ ਬਿਮਾਰੀਆਂ ਵਿੱਚ ਹੋਇਆ ਵਾਧਾ ਤੇ ਕੋਵਿਡ-19 ਮਹਾਂਮਾਰੀ ਜ਼ਿੰਮੇਵਾਰ ਹਨ।ਮੈਕਮਾਸਟਰ ਚਿਲਡਰਨਜ਼ ਹਸਪਤਾਲ ਦੇ ਪ੍ਰੈਜ਼ੀਡੈਂਟ ਬਰੂਸ ਸਕੁਆਇਰਜ਼ ਨੇ ਆਖਿਆ ਕਿ ਭਾਵੇਂ ਇਨ੍ਹਾਂ ਦੋਵਾਂ ਅਲਾਮਤਾਂ ਤੋਂ ਅਸੀਂ ਬਾਹਰ ਆ ਚੁੱਕੇ ਹਾਂ ਪਰ ਅਜੇ ਵੀ ਹਸਪਤਾਲਾਂ ਉੱਤੇ ਬੋਝ ਪਿਆ ਹੋਇਆ ਹੈ ਤੇ ਸਾਨੂੰ ਇਸ ਸਮੇਂ ਵੱਡੇ ਨਿਵੇਸ਼ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਸਾਨੂੰ ਆਪਰੇਟਿੰਗ ਰੂਮ ਸਟਾਫ, ਜਿਵੇਂ ਨਰਸਾਂ ਤੇ ਐਨੇਸਥੀਸੀਓਲੋਜਿਸਟਸ ਆਦਿ ਦੀ ਲੋੜ ਹੈ ਤਾਂ ਕਿ ਹਾਲਾਤ ਨੂੰ ਸਾਂਭਿਆ ਜਾ ਸਕੇ। ਸਟਾਫ ਦੀ ਘਾਟ ਕਾਰਨ ਇਨ੍ਹਾਂ ਹਸਪਤਾਲਾਂ ਵਿੱਚ ਆਪਰੇਸ਼ਨ ਟਲ ਰਹੇ ਹਨ। ਸਿਹਤ ਮੰਤਰੀ ਦੀ ਤਰਜ਼ਮਾਨ ਹਾਨਾ ਜੈਨਸੈਨ ਨੇ ਦੱਸਿਆ ਕਿ ਸਿਲਵੀਆ ਜੋਨਜ਼ ਵੱਲੋਂ ਪੀਡੀਐਟ੍ਰਿਕ ਹਸਪਤਾਲਾਂ ਦੇ ਸੀਈਓਜ਼ ਨਾਲ ਲਗਾਤਾਰ ਰਾਬਤਾ ਰੱਖਿਆ ਜਾ ਰਿਹਾ ਹੈ ਤੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ ਪੂਰੀ ਮਦਦ ਕਰਨ ਦਾ ਭਰੋਸਾ ਵੀ ਦਿੱਤਾ ਜਾ ਰਿਹਾ ਹੈ।

# ਟੋਰਾਂਟੋ ਦੇ ਘਰ ਵਿੱਚ ਲੱਗੀ ਅੱਗ ਕਾਰਨ 12 ਲੋਕ ਹੋਏ ਬੇਘਰ



ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਐਤਵਾਰ ਤੜਕੇ ਟੋਰਾਂਟੋ ਵੈਸਟ ਸਥਿਤ ਇੱਕ ਘਰ ਵਿੱਚ ਲੱਗੀ ਅੱਗ ਕਾਰਨ 12 ਲੋਕ ਬੇਘਰ ਹੋ ਗਏ। ਟੋਰਾਂਟੋ ਫਾਇਰ ਸਰਵਿਸਿਜ਼ ਨੇ ਦੱਸਿਆ ਕਿ ਡੇਵਨਪੋਰਟ ਰੋਡ ਦੇ ਦੱਖਣ ਵੱਲ ਤੇ ਓਲਡ ਵੈਸਟਨ ਰੋਡ ਦੇ ਪੂਰਬ ਵੱਲ 106 ਮਿਲਰ ਸਟਰੀਟ ਦੇ ਕਾਰਲਟਨ ਵਿਲੇਜ ਏਰੀਆ ਵਿੱਚ ਸਥਿਤ ਇੱਕ ਤਿੰਨ ਮੰਜ਼ਿਲਾਂ ਘਰ ਦੀ ਬੇਸਮੈਂਟ ਵਿੱਚ ਲੱਗੀ ਅੱਗ ਬਾਰੇ ਉਨ੍ਹਾਂ ਨੂੰ ਤੜਕੇ 1:43 ਉੱਤੇ ਕਾਲ ਮਿਲੀ।ਬੇਸਮੈਂਟ ਵਿੱਚ ਲੱਗੀ ਇਹ ਅੱਗ ਪੂਰੇ ਘਰ ਵਿੱਚ, ਇੱਥੋਂ ਤੱਕ ਕਿ ਛੱਤ ਤੱਕ, ਲੱਗ ਗਈ। ਅੱਗ ਐਨੀ ਜ਼ਬਰਦਸਤ ਸੀ ਕਿ ਇਸ ਉੱਤੇ ਕਾਬੂ ਪਾਉਣ ਲਈ ਕਾਫੀ ਮਸ਼ੱਕਤ ਕਰਨੀ ਪਈ। ਸਵੇਰੇ 3:30 ਵਜੇ ਤੱਕ ਇਸ ਉੱਤੇ ਕਾਬੂ ਪਾਇਆ ਗਿਆ। ਇਸ ਘਰ ਦੇ ਨਾਲ ਲੱਗਦੇ ਕਈ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ। ਪਰ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਦ ਟੋਰਾਂਟੋ ਆਫਿਸ ਆਫ ਐਮਰਜੰਸੀ ਮੈਨੇਜਮੈਂਟ ਵੱਲੋਂ ਬੇਘਰ ਹੋਏ ਲੋਕਾਂ ਦੇ ਰਹਿਣ ਲਈ ਆਰਜ਼ੀ ਪ੍ਰਬੰਧ ਕੀਤੇ ਜਾ ਰਹੇ ਹਨ। ਫਾਇਰ ਕ੍ਰਿਊ ਅਜੇ ਵੀ ਘਟਨਾ ਵਾਲੀ ਥਾਂ ਉੱਤੇ ਹੀ ਮੌਜੂਦ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅੱਗ ਚੰਗੀ ਤਰ੍ਹਾਂ ਬੁਝ ਚੁੱਕੀ ਹੈ।

# ਟੀਟੀਸੀ ਮੁਲਾਜ਼ਮਾਂ ’ਤੇ ਹਮਲਾ ਕਰਨ ਵਾਲੇ ਚਾਰ ਟੀਨੇਜਰ ਗ੍ਰਿਫਤਾਰ

ਸਕਾਰਬਰੋ, 26 ਜਨਵਰੀ (ਪੋਸਟ ਬਿਊਰੋ) : ਸਕਾਰਬਰੋ ਵਿੱਚ ਟੀਟੀਸੀ ਬੱਸ ਦੇ ਦੋ ਮੁਲਾਜ਼ਮਾਂ ਉੱਤੇ ਹਮਲਾ ਕਰਨ ਦੇ ਸਬੰਧ ਵਿੱਚ 13 ਸਾਲਾਂ ਦੇ ਚਾਰ ਟੀਨੇਜਰ ਲੜਕਿਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।



ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦੋ ਲੜਕਿਆਂ ਉੱਤੇ ਹਮਲਾ ਕਰਨ ਦਾ ਇੱਕ ਮਾਮਲਾ ਤੇ ਦੋ ਹੋਰਨਾਂ ਉੱਤੇ ਹਮਲਾ ਕਰਨ ਦੇ ਦੋ ਮਾਮਲੇ ਦਰਜ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਅਧਿਕਾਰੀਆਂ ਨੂੰ ਦੁਪਹਿਰੇ 3:30 ਉੱਤੇ ਕੈਨੇਡੀ ਰੋਡ ਤੇ ਮੈਰੀਅਨ ਰੋਡ ਏਰੀਆ ਵਿੱਚ ਹਮਲਾ ਕੀਤੇ ਜਾਣ ਦੀਆਂ ਰਿਪੋਰਟਾਂ ਮਿਲੀਆਂ ਸਨ। ਅਧਿਕਾਰੀਆਂ ਨੇ ਦੱਸਿਆ ਕਿ ਟੀਨੇਜਰ ਲੜਕਿਆਂ ਦੇ ਗਰੁੱਪ ਵੱਲੋਂ ਕੈਨੇਡੀ ਸਟੇਸ਼ਨ ਦੇ ਨੇੜੇ ਟੀਟੀਸੀ ਬੱਸ ਦੇ ਦੋ ਮੁਲਾਜ਼ਮਾਂ ਉੱਤੇ ਹਮਲਾ ਕੀਤਾ ਗਿਆ ਤੇ ਫਿਰ ਉਹ ਉੱਥੋਂ ਫਰਾਰ ਹੋ ਗਏ। ਪੁਲਿਸ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਦੋਵਾਂ ਮੁਲਾਜ਼ਮਾਂ ਨੂੰ ਬਹੁਤੀਆਂ ਗੰਭੀਰ ਸੱਟਾਂ ਨਹੀਂ ਲੱਗੀਆਂ।ਜਾਂਚ ਤੇ ਟੀਟੀਸੀ ਵੀਡੀਓ ਸਰਵੇਲੈਂਸ ਦੇ ਮੁਲਾਂਕਣ ਤੋਂ ਬਾਅਦ ਅਧਿਕਾਰੀਆਂ ਵੱਲੋਂ ਚਾਰ ਲੜਕਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।ਚਾਰਾਂ ਲੜਕਿਆਂ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ ਹੈ। ਇਨ੍ਹਾਂ ਚਾਰਾਂ ਨੂੰ ਟੋਰਾਂਟੋ ਦੀ ਅਦਾਲਤ ਵਿੱਚ 21 ਮਾਰਚ ਨੂੰ ਪੇਸ਼ ਕੀਤਾ ਜਾਵੇਗਾ।

# ਇੱਕ ਮਹਿਲਾ ਦੇ ਸਿਰ ਤੇ ਮੂੰਹ ਉੱਤੇ ਚਾਕੂ ਨਾਲ ਵਾਰ ਕਰਨ ਵਾਲੀ ਦੂਜੀ ਮਹਿਲਾ ਗ੍ਰਿਫਤਾਰ

ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰੇ ਹਾਰਬੋਰਡ ਵਿਲੇਜ ਵਿੱਚ ਸਪੈਡਿਨਾ ਐਵਨਿਊ ਵਿਖੇ ਟੀਟੀਸੀ ਸਟਰੀਟਕਾਰ ਉੱਤੇ ਇੱਕ ਮਹਿਲਾ ਵੱਲੋਂ ਦੂਜੀ ਮਹਿਲਾ ਦੇ ਸਿਰ ਅਤੇ ਮੂੰਹ ਉੱਤੇ ਚਾਕੂ ਨਾਲ ਵਾਰ ਕੀਤੇ ਜਾਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।



ਦੁਪਹਿਰੇ 2:00 ਵਜੇ ਦੇ ਨੇੜੇ ਤੇੜੇ ਬਲੂਅਰ ਸਟਰੀਟ ਨੇੜੇ ਸਪੈਡਿਨਾ ਤੇ ਸਸੈਕਸ ਐਵਨਿਊਜ਼ ਏਰੀਆ ਵਿੱਚ ਇੱਕ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ। ਇਹ ਮਹਿਲਾ ਆਪਣੇ 20ਵਿਆਂ ਵਿੱਚ ਸੀ ਤੇ ਉਸ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਜਾਣ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਸੀ।ਪੈਰਾਮੈਡਿਕਸ ਵੱਲੋਂ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਇਸ ਹਮਲੇ ਦੇ ਸਬੰਧ ਵਿੱਚ ਇੱਕ ਮਹਿਲਾ, ਜੋ ਕਿ ਆਪਣੇ 40ਵਿਆਂ ਵਿੱਚ ਸੀ, ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਉਸ ਉੱਤੇ ਹਮਲਾ ਕਰਨ ਸਬੰਧੀ ਚਾਰਜ ਲੱਗ ਸਕਦੇ ਹਨ। ਪੁਲਿਸ ਨੂੰ ਮੌਕੇ ਤੋਂ ਚਾਕੂ ਵੀ ਮਿ-ਲਿਆ। ਇਹ ਸਪਸ਼ਟ ਨਹੀਂ ਹੋ ਸਕਿਆ ਕਿ ਹਮਲਾਵਰ ਮਹਿਲਾ ਤੇ ਜ਼ਖ਼ਮੀ ਮਹਿਲਾ ਇੱਕ ਦੂਜੇ ਨੂੰ ਜਾਣਦੀਆਂ ਸਨ ਜਾਂ ਨਹੀਂ।

# 8 ਦਿਨਾਂ ਵਿੱਚ ਕੈਲੇਫੋਰਨੀਆ ਵਿੱਚ ਵਾਪਰੇ ਤੀਜੇ ਸਮੂਹਕ ਕਤਲੇਆਮ ਵਿੱਚ 7 ਹਲਾਕ

ਕੈਲੇਫੋਰਨੀਆ, 26 ਜਨਵਰੀ (ਪੋਸਟ ਬਿਊਰੋ) : ਉੱਤਰੀ ਕੈਲੇਫੋਰਨੀਆ ਕਮਿਊਨਿਟੀ ਵਿੱਚ ਇੱਕ ਫਾਰਮ ਤੇ ਉਸ ਤੋਂ ਕਾਫੀ ਦੂਰੀ ਉੱਤੇ ਵਾਪਰੇ ਸੂਟਿੰਗ ਦੇ ਦੋ ਮਾਮਲਿਆਂ ਵਿੱਚ ਸੱਤ ਵਿਅਕਤੀ ਮਾਰੇ ਗਏ। ਅੱਠ ਦਿਨਾਂ ਵਿੱਚ ਸਮੂਹਕ ਕਤਲੇਆਮ ਦਾ ਇਹ ਤੀਜਾ ਮਾਮਲਾ ਹੈ।



ਸੋਮਵਾਰ ਨੂੰ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਪੁਲਿਸ ਅਧਿਕਾਰੀਆਂ ਵੱਲੋਂ ਇੱਕ ਮਸ਼ਕੂਕ, 67 ਸਾਲਾ ਚੁਨਲੀ ਜ਼ਾਓ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੈਨ ਮੈਟੀਓ ਕਾਊਂਟੀ ਸ਼ੈਰਿਫ ਕ੍ਰਿਸਟੀਨਾ ਕੌਰਪਸ ਨੇ ਦੱਸਿਆ ਕਿ ਜ਼ਾਓ ਪੁਲਿਸ ਨੂੰ ਸ਼ੈਰਿਫ ਸਬਸਟੇਸ਼ਨ ਦੇ ਪਾਰਕਿੰਗ ਲੌਟ ਵਿੱਚ ਇੱਕ ਕਾਰ ਵਿੱਚ ਬੈਠਿਆ ਮਿਲਿਆ।ਸ਼ੈਰਿਫ ਆਫਿਸ ਨੇ ਦੱਸਿਆ ਕਿ ਇੱਕ ਫਾਰਮ ਉੱਤੇ ਚਾਰ ਵਿਅਕਤੀ ਗੋਲੀਆਂ ਲੱਗਣ ਕਾਰਨ ਮ੍ਰਿਤਕ ਮਿਲੇ ਤੇ ਇੱਕ ਹੋਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਇਸ ਤੋਂ ਇਲਾਵਾ ਪੁਲਿਸ ਨੂੰ ਕਈ ਮੀਲ ਦੀ ਦੂਰੀ ਉੱਤੇ ਇੱਕ ਵੱਖਰੀ ਲੋਕੇਸ਼ਨ ਉੱਤੇ ਤਿੰਨ ਹੋਰ ਲੋਕ ਮ੍ਰਿਤਕ ਪਏ ਮਿਲੇ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਜ਼ਾਓ ਇਨ੍ਹਾਂ ਵਿੱਚੋਂ ਇੱਕ ਫੈਸਿਲਿਟੀ ਉੱਤੇ ਵਰਕਰ ਵਜੋਂ ਕੰਮ ਕਰਦਾ ਸੀ ਤੇ ਮਾਰੇ ਗਏ ਲੋਕ ਵੀ ਵਰਕਰ ਹੀ ਸਨ। ਕੌਰਪਸ ਨੇ ਆਖਿਆ ਕਿ ਪੁਲਿਸ ਅਧਿਕਾਰੀਆਂ ਨੂੰ ਸੂਟਿੰਗ ਦਾ ਮੰਤਵ ਅਜੇ ਨਹੀਂ ਮਿਲਿਆ ਹੈ। ਨਵੇਂ ਸਾਲ ਤੋਂ ਬਾਅਦ ਅਮਰੀਕਾ ਵਿੱਚ ਸਮੂਹਕ ਕਤਲਾਂ ਦਾ ਅਜਿਹਾ ਸਿਲਸਿਲਾ ਸੁਰੂ ਹੋਇਆ ਹੈ ਜਿਹੜਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ।16 ਜਨਵਰੀ ਤੋਂ ਲੈ ਕੇ ਹੁਣ ਤੱਕ ਸਮੂਹਕ ਕਤਲੇਆਮ ਦੀਆਂ ਤਿੰਨ ਵਾਰਦਾਤਾਂ ਵਾਪਰ ਚੁੱਕੀਆਂ ਹਨ। ਇਸ ਕਾਰਨ ਹੁਣ ਤੱਕ 39 ਲੋਕ ਮਾਰੇ ਜਾ ਚੁੱਕੇ ਹਨ। ਕੌਰਪਸ ਨੇ ਆਖਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਇਹ ਦੋਵੇਂ ਲੋਕੇਸ਼ਨ ਆਪਸ ਵਿੱਚ ਇੱਕ ਦੂਜੇ ਨਾਲ ਕਿਵੇਂ ਜੁੜੀਆਂ ਹੋਈਆਂ ਹਨ।

# ਦਸੰਬਰ ਵਿੱਚ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਘੱਟ ਕੇ 6.3 ਫੀ ਸਦੀ ਰਹਿ ਗਈ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਦਸੰਬਰ ਵਿੱਚ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਘਟ ਕੇ 6.3 ਫੀ ਸਦੀ ਰਹਿ ਗਈ। ਫੈਡਰਲ ਏਜੰਸੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਕੰਜ਼ਿਊਮਰ ਪ੍ਰਾਈਜ਼ ਇੰਡੈਕਸ ਵਿੱਚ ਦੱਸਿਆ ਗਿਆ ਕਿ ਮਹਿੰਗਾਈ ਦੀ ਇਸ ਰਫਤਾਰ ਨੂੰ ਪਿਛਲੇ ਮਹੀਨੇ ਗੈਸ ਦੀਆਂ ਕੀਮਤਾਂ ਵਿੱਚ ਆਈ ਕਮੀ ਕਾਰਨ ਠੱਲ੍ਹ ਪਈ। ਮਾਰਗੇਜ ਵਿਆਜ਼ ਦਰਾਂ ਵਿੱਚ ਵਾਧਾ ਹੋਣ, ਕੱਪੜਿਆਂ ਤੇ ਜੁੱਤਿਆਂ ਦੇ ਨਾਲ ਨਾਲ ਪਰਸਨਲ ਕੇਅਰ ਸਪਲਾਈਜ਼ ਤੇ ਇਕਿਊਪਮੈਂਟ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਇਹ ਸੰਤੁਲਨ ਬਣਿਆ। ਨਵੰਬਰ ਵਿੱਚ ਸਾਲਾਨਾ ਮਹਿੰਗਾਈ ਦਰ 6.8 ਫੀ ਸਦੀ ਸੀ।



ਦਸੰਬਰ ਵਿੱਚ ਗ੍ਰੌਸਰੀ ਦੀਆਂ ਕੀਮਤਾਂ ਵਿੱਚ ਵਾਧਾ ਬਰਕਰਾਰ ਰਿਹਾ ਪਰ ਇਸ ਦੀ ਰਫਤਾਰ ਮੱਠੀ ਰਹੀ। ਇੱਕ ਸਾਲ ਪਹਿਲਾਂ ਨਾਲੋਂ ਇਨ੍ਹਾਂ ਕੀਮਤਾਂ ਵਿੱਚ 11 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ। ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ 2022 ਵਿੱਚ ਔਸਤਨ ਮਹਿੰਗਾਈ ਦਰ 6.8 ਫੀ ਸਦੀ ਰਹੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047


REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਮਹਿਮਾਨਾਂ ਦੀ ਸੂਚੀ ਵਿੱਚੋਂ ਸਸਕੈਚਵਨ ਦੇ ਪ੍ਰੀਮੀਅਰ ਨੂੰ ਪਾਸੇ ਰੱਖਣ ਉੱਤੇ ਪ੍ਰਧਾਨ ਮੰਤਰੀ ਆਫਿਸ ਨੇ ਮੰਗੀ ਮੁਆਫੀ



ਓਟਵਾ, 26 ਜਨਵਰੀ (ਪੋਸਟ ਬਿਊਰੋ) : ਲੰਘੇ ਦਿਨੀਂ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਨੇ ਦੱਸਿਆ ਕਿ ਇਸ ਹਫਤੇ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਦੇ ਪ੍ਰੋਵਿੰਸ ਦੇ ਕੀਤੇ ਗਏ ਦੌਰੇ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਾ ਦਿੱਤੇ ਜਾਣ ਉੱਤੇ ਟਰੂਡੋ ਦੇ ਆਫਿਸ ਵੱਲੋਂ ਉਨ੍ਹਾਂ ਤੋਂ ਮੁਆਫੀ ਮੰਗੀ ਗਈ ਹੈ।

ਜ਼ਿਕਰਯੋਗ ਹੈ ਕਿ ਟਰੂਡੋ ਸੋਮਵਾਰ ਨੂੰ ਸਸਕਾਟੂਨ ਵਿੱਚ ਸਨ। ਜਿੱਥੇ ਉਨ੍ਹਾਂ ਸਿਟੀ ਦੇ ਮੇਅਰ ਚਾਰਲੀ ਕਲਾਰਕ ਨਾਲ ਧਰਤੀ ਦੇ ਵਿਲੱਖਣ ਤੱਤਾਂ ਦੇ ਪ੍ਰੋਸੈਸਿੰਗ ਪਲਾਂਟ ਦਾ ਦੌਰਾ ਕੀਤਾ। ਪਰ ਪ੍ਰੀਮੀਅਰ ਮੋਅ ਟਰੂਡੋ ਦੀ ਇਨਵਾਈਟ ਲਿਸਟ ਵਿੱਚ ਵੀ ਨਹੀਂ ਸਨ। ਇਸ ਗੱਲ ਦਾ ਲਾਂਭਾ ਮੋਅ ਵੱਲੋਂ ਟਵਿੱਟਰ ਉੱਤੇ ਦਿੱਤਾ ਗਿਆ ਤੇ ਇਸ ਕਦਮ ਨੂੰ ਕਾਫੀ ਨਿਰਾਸ਼ਾਜਨਕ ਦੱਸਿਆ ਗਿਆ।

ਬਾਅਦ ਵਿੱਚ ਰੇਜਾਇਨਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੋਅ ਨੇ ਆਖਿਆ ਕਿ ਸਸਕੈਚਵਨ ਵਿੱਚ ਧਰਤੀ ਦੇ ਵਿਲੱਖਣ ਤੱਤਾਂ ਬਾਰੇ ਨਿਵੇਸ਼ ਨੂੰ ਲੈ ਕੇ ਤੇ ਪ੍ਰੋਸੈਸਿੰਗ ਪਲਾਂਟਸ ਲਈ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਲਈ ਸਟ੍ਰੈਟੇਜੀਜ਼ ਬਾਰੇ ਉਹ ਟਰੂਡੋ ਨਾਲ ਗੱਲਬਾਤ ਕਰਨੀ ਚਾਹੁੰਦੇ ਸਨ। ਪ੍ਰੀਮੀਅਰ ਨੇ ਆਖਿਆ ਕਿ ਟਰੂਡੋ ਦੇ ਆਫਿਸ ਵੱਲੋਂ ਪ੍ਰਧਾਨ ਮੰਤਰੀ ਦੇ ਇਸ ਦੌਰੇ ਤੋਂ ਉਨ੍ਹਾਂ ਨੂੰ ਜਾਣੂ ਨਾ ਕਰਵਾਏ ਜਾਣ ਬਾਰੇ ਮੁਆਫੀ ਮੰਗੀ ਗਈ ਹੈ। ਜਦੋਂ ਸੋਮਵਾਰ ਨੂੰ ਮੋਅ ਦੇ ਇਸ ਟਵੀਟ ਬਾਰੇ ਟਰੂਡੋ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਆਉਣ ਵਾਲੇ ਸਾਲਾਂ ਵਿੱਚ ਪ੍ਰੀਮੀਅਰ ਨਾਲ ਕਈ ਐਲਾਨ ਕਰਨ ਦੇ ਮੌਕੇ ਆਉਣਗੇ।

## ਅਮਰੀਕਾ-ਬ੍ਰਿਟੇਨ ਤੇ ਆਸਟਰੇਲੀਆ ਦਰਮਿਆਨ ਹੋਏ ਸਕਿਊਰਿਟੀ ਸਮਝੌਤੇ ਵਿੱਚ ਕੈਨੇਡਾ ਦੇ ਸ਼ਾਮਲ ਨਾ ਹੋਣ ਉੱਤੇ ਮਿਲਟਰੀ ਚਿੰਤਤ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੀਆਂ ਉੱਪਰਲੀਆ ਸਫਾਂ ਵਿੱਚ ਇਸ ਗੱਲ ਨੂੰ ਲੈ ਕੇ ਚਿੰਤਾ ਪਾਈ ਜਾ ਰਹੀ ਹੈ ਕਿ ਆਪਣੇ ਭਾਈਵਾਲਾਂ ਵਾਂਗ ਦੇਸ਼ ਨੂੰ ਸ਼ਾਇਦ ਉਸ ਅਤਿ ਆਧੁਨਿਕ ਮਿਲਟਰੀ ਟੈਕਨਾਲੋਜੀ ਤੱਕ ਪਹੁੰਚ ਨਾ ਹੋਵੇ ਜਿਸ ਦੀ ਅੱਜ ਦੇ ਦੌਰ ਵਿੱਚ ਕਾਫੀ ਲੋੜ ਹੈ। ਅਜਿਹਾ ਇਸ ਲਈ ਕਿਉਂਕਿ ਆਸਟਰੇਲੀਆ, ਬ੍ਰਿਟੇਨ ਤੇ ਅਮਰੀਕਾ ਦਰਮਿਆਨ ਹੋਏ ਸਕਿਊਰਿਟੀ ਸਮਝੌਤੇ ਦਾ ਕੈਨੇਡਾ ਹਿੱਸਾ ਨਹੀਂ ਹੈ।

ਇਹ ਤਿਪੱਖੀ ਸਮਝੌਤਾ ਸਤੰਬਰ 2021 ਵਿੱਚ ਇਨ੍ਹਾਂ ਤਿੰਨਾਂ ਮੁਲਕਾਂ ਵਿੱਚ ਹੋਇਆ ਸੀ ਤੇ ਇਸ ਨੂੰ ਆਕੁਸ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਵੀ ਮੰਨਿਆਂ ਜਾਂਦਾ ਹੈ ਕਿ ਇਹ ਸਮਝੌਤਾ ਅਸਲ ਵਿੱਚ ਇੰਡੋ-ਪੈਸੇਫਿਕ ਰੀਜਨ ਵਿੱਚ ਚੀਨ ਦੇ ਵੱਧ ਰਹੇ ਫੌਜੀ ਦਬਦਬੇ ਨਾਲ ਨਜਿੱਠਣ ਲਈ ਕੀਤਾ ਗਿਆ ਸੀ। ਇੰਡੋ-ਪੈਸੇਫਿਕ ਰੀਜਨ ਵਿੱਚ ਕੈਨੇਡਾ ਦੇ ਆਰਥਿਕ ਤੇ ਸਕਿਊਰਿਟੀ ਹਿਤ ਲੁਕੇ ਹੋਏ ਹਨ। ਹਾਲਾਂਕਿ ਇਸ ਸਮਝੌਤੇ ਦਾ ਕੇਂਦਰ ਅਮਰੀਕਾ ਤੇ ਬ੍ਰਿਟੇਨ ਵੱਲੋਂ ਆਸਟਰੇਲੀਆ ਨੂੰ ਨਿਊਕਲੀਅਰ ਸਬਮਰੀਨ ਤਕਨਾਲੋਜੀ



ਮੁਹੱਈਆ ਕਰਵਾਉਣਾ ਦਰਸਾਇਆ ਗਿਆ ਹੈ। ਪਰ ਵਾਈਸ ਐਡਮਿਰਲ ਬੌਬ ਆਚਟੈਰਲੋਨੀ ਨੇ ਇੱਕ ਤਾਜ਼ਾ ਇੰਟਰਵਿਊ ਵਿੱਚ ਮੀਡੀਆ ਨੂੰ ਦੱਸਿਆ ਕਿ ਜੋ ਨਜ਼ਰ ਆਉਂਦਾ ਹੈ ਉਸ ਨਾਲੋਂ ਇਹ ਸਮਝੌਤਾ ਕਿਤੇ ਜ਼ਿਆਦਾ ਹੈ।

ਆਚਟੈਰਲੋਨੀ ਕੈਨੇਡੀਅਨ ਜੁਆਇੰਟ ਆਪਰੇਸ਼ਨਜ਼ ਕਮਾਂਡ ਦੇ ਕਮਾਂਡਰ ਹਨ। ਇਸ ਭੂਮਿਕਾ ਤਹਿਤ ਉਨ੍ਹਾਂ ਨੂੰ ਘਰੇਲੂ ਪੱਧਰ ਉੱਤੇ ਤੇ ਵਿਦੇਸ਼ਾਂ ਵਿੱਚ ਕੈਨੇਡਾ ਤੇ ਇਸ ਦੀਆਂ ਹਥਿਆਰਬੰਦ ਸੈਨਾਵਾਂ ਨੂੰ ਦਰਪੇਸ਼ ਕਿਸੇ ਵੀ ਤਰ੍ਹਾਂ ਦੇ ਖਤਰੇ ਉੱਤੇ ਬਾਰੀਕੀ ਨਾਲ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ। ਉਨ੍ਹਾਂ ਆਖਿਆ ਕਿ ਇਹ ਤਕਨਾਲੋਜੀ ਕੁੱਝ ਸਮੇਂ ਤੋਂ ਹੋਂਦ ਵਿੱਚ ਹੈ ਤੇ ਇਸ ਨੂੰ ਸ਼ੇਅਰ ਕਰਨਾ ਕੋਈ ਵੱਡੀ ਗੱਲ ਨਹੀਂ ਹੈ। ਪਰ ਗੱਲ ਜਦੋਂ ਅਡਵਾਂਸ ਤਕਨਾਲੋਜੀ ਦੀ ਆਉਂਦੀ ਹੈ ਤਾਂ ਆਰਟੀਫਿਸ਼ਲ ਇੰਟੈਲੀਜੈਂਸ ਦੇ ਖੇਤਰ ਨਾਲ ਕਈ ਤਰ੍ਹਾਂ ਦੀਆਂ ਹੋਰ ਗੱਲਾਂ ਵੀ ਜੁੜੀਆਂ ਹੋਈਆਂ ਹਨ ਜਿਵੇਂ ਡੋਮੇਨ, ਮਸ਼ੀਨ ਲਰਨਿੰਗ, ਕੁਆਂਟਮ ਤੇ ਇਨ੍ਹਾਂ ਵਿੱਚ ਮਾਹਿਰ ਹੋਣਾ ਸਮੇਂ ਦੀ ਲੋੜ ਹੈ। ਅਸੀਂ ਵੀ ਇਸ ਤਰ੍ਹਾਂ ਦੀ ਗੱਲਬਾਤ ਦਾ ਹਿੱਸਾ ਬਣਨਾ ਚਾਹੁੰਦੇ ਹਾਂ। ਉਨ੍ਹਾਂ ਆਖਿਆ ਕਿ ਚਿੰਤਾ ਦਾ ਵਿਸ਼ਾ ਇਹ ਹੈ ਕਿ ਸਾਨੂੰ ਇਸ ਵਿੱਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ? ਕੀ ਅਸੀਂ ਇਸ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ? ਕੀ ਨੀਤੀਗਤ ਪਾਬੰਦੀਆਂ ਕਾਰਨ ਅਸੀਂ ਇਸ ਤੋਂ ਪਾਸੇ ਹਾਂ? ਜਾਂ ਫਿਰ ਅਸੀਂ ਇਸ ਵਿੱਚ ਨਿਵੇਸ਼ ਨਹੀਂ ਕਰਨਾ ਚਾਹੁੰਦੇ।

ਇਨ੍ਹਾਂ ਸਵਾਲਾਂ ਦਾ ਫੈਡਰਲ ਸਰਕਾਰ ਵੱਲੋਂ ਵੀ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ ਕਿ ਕੈਨੇਡਾ ਆਕੁਸ ਦਾ ਹਿੱਸਾ ਕਿਉਂ ਨਹੀਂ ਹੈ। ਪਿਛਲੇ ਹਫਤੇ ਜਦੋਂ ਰੱਖਿਆ ਮੰਤਰੀ ਅਨੀਤਾ ਆਨੰਦ ਦੇ ਆਫਿਸ ਨੂੰ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਵੱਲੋਂ ਜਵਾਬ ਦੇਣ ਤੋਂ ਟਾਲਾ ਵੱਟ ਲਿਆ ਗਿਆ।

## ਕੈਨੇਡਾ ਨੂੰ ਹੋਰ ਇਮੀਗ੍ਰੈਂਟਸ ਦੀ ਲੋੜ : ਫਰੇਜ਼ਰ



ਓਟਵਾ, 26 ਜਨਵਰੀ (ਪੋਸਟ ਬਿਊਰੋ) : ਆਉਣ ਵਾਲੇ ਸਾਲਾਂ ਵਿੱਚ ਕੈਨੇਡਾ ਵੱਲੋਂ ਆਪਣੇ ਇਮੀਗ੍ਰੇਸ਼ਨ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਸ ਤੋਂ ਕਈ ਨੀਤੀ ਮਾਹਿਰ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਇਸ ਨਾਲ ਹੈਲਥ ਕੇਅਰ, ਹਾਊਸਿੰਗ ਤੇ ਲੇਬਰ ਮਾਰਕਿਟ ਉੱਤੇ ਕੀ ਅਸਰ ਪਵੇਗਾ।

ਪਰ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਦਾ ਕਹਿਣਾ ਹੈ ਕਿ ਕੈਨੇਡਾ ਨੂੰ ਲੇਬਰ ਦੀ ਘਾਟ ਨੂੰ ਪੂਰਾ ਕਰਨ ਤੇ ਜਨਸੰਖਿਆ ਸਬੰਧੀ ਤਬਦੀਲੀਆਂ, ਜਿਹੜੀਆਂ ਦੇਸ਼ ਦੇ ਭਵਿੱਖ ਲਈ ਚੁਣੌਤੀ ਬਣੀਆਂ ਹੋਈਆਂ ਹਨ, ਲਈ ਵਧੇਰੇ ਨਿਊਕਮਰਜ਼ ਦੀ ਲੋੜ ਹੈ। ਇੱਕ ਇੰਟਰਵਿਊ ਵਿੱਚ ਫਰੇਜ਼ਰ ਨੇ ਆਖਿਆ ਕਿ ਸਾਨੂੰ ਹੋਰ ਇਮੀਗ੍ਰੈਂਟਸ ਨੂੰ ਸੱਦਣਾ ਹੀ ਹੋਵੇਗਾ ਨਹੀਂ ਤਾਂ ਉਮਰਦਰਾਜ਼ ਹੋ ਰਹੀ ਸਾਡੀ ਆਬਾਦੀ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੱਡਾ ਨੁਕਸਾਨ ਸਹਿਣਾ ਹੋਵੇਗਾ।

ਨਵੰਬਰ ਵਿੱਚ ਫੈਡਰਲ ਲਿਬਰਲ ਸਰਕਾਰ ਨੇ ਨਵੇਂ ਇਮੀਗ੍ਰੇਸ਼ਨ ਪਲੈਨ ਦਾ ਐਲਾਨ ਕੀਤਾ ਸੀ ਜਿਸ ਤਹਿਤ 2025 ਤੱਕ ਕੈਨੇਡਾ ਨੂੰ 500,000 ਇਮੀਗ੍ਰੈਂਟਸ ਹਰ ਸਾਲ ਸੱਦਣ ਦਾ ਟੀਚਾ ਮਿਥਿਆ ਗਿਆ ਸੀ। ਜ਼ਿਕਰਯੋਗ ਹੈ ਕਿ 2022 ਵਿੱਚ 431,645 ਲੋਕ ਕੈਨੇਡਾ ਦੇ ਪਰਮਾਨੈਂਟ ਰੈਜ਼ੀਡੈਂਟਸ ਬਣੇ। ਸਰਕਾਰ ਦੀ ਇਸ ਸੋਚ ਬਾਰੇ ਕੁੱਝ ਅੰਕੜੇ ਵੀ ਜ਼ਿੰਮੇਵਾਰ ਹਨ। ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਦੇਸ਼ ਦੀ ਜਨਮ ਦਰ 2020 ਵਿੱਚ ਪ੍ਰਤੀ ਮਹਿਲਾ 1.4 ਬੱਚਿਆਂ ਤੱਕ ਪਹੁੰਚ ਗਈ। ਇਹ ਇਮੀਗ੍ਰੇਸ਼ਨ ਤੋਂ ਬਿਨਾਂ ਆਬਾਦੀ ਨੂੰ ਮੇਨਟੇਨ ਕਰਨ ਲਈ ਲੋੜੀਂਦੀ 2.1 ਦੀ ਦਰ ਤੋਂ ਵੀ ਹੇਠਾਂ ਹੈ। ਪਰ ਮਾਹਿਰਾਂ ਦੀ ਚਿੰਤਾ ਦਾ ਵਿਸ਼ਾ ਇਹ ਹੈ ਕਿ ਜੇ ਐਨੇ ਇਮੀਗ੍ਰੈਂਟਸ ਆਉਂਦੇ ਹਨ ਤਾਂ ਉਸ ਨਾਲ ਰਹਿਣ ਲਈ ਘਰ, ਹੈਲਥ ਕੇਅਰ ਆਦਿ ਦਾ ਕੀ ਬਣੇਗਾ।

## ਸਰਜੀਕਲ ਬੈਕਲਾਗ ਨੂੰ ਘਟਾਉਣ ਲਈ ਪ੍ਰਾਈਵੇਟ ਕੇਅਰ ਵਿੱਚ ਨਿਵੇਸ਼ ਵਾਸਤੇ ਫੋਰਡ ਸਰਕਾਰ ਨੇ ਜਾਰੀ ਕੀਤੀ 3 ਪੜਾਵੀ ਯੋਜਨਾ



ਓਨਟਾਰੀਓ, 26 ਜਨਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਓਨਟਾਰੀਓ ਸਰਕਾਰ ਵੱਲੋਂ ਜਾਰੀ ਕੀਤੀ ਗਈ ਤਿੰਨ ਪੜਾਵੀ ਯੋਜਨਾ ਤਹਿਤ ਸਰਜੀਕਲ ਬੈਕਲਾਗ ਨੂੰ ਘਟਾਉਣ ਲਈ ਪ੍ਰਾਈਵੇਟ ਕੇਅਰ ਵਿੱਚ ਨਿਵੇਸ਼ ਕੀਤਾ ਜਾਵੇਗਾ। ਇਸ ਕੰਮ ਲਈ ਕੁੱਝ ਕਮਿਊਨਿਟੀ ਸਰਜੀਕਲ ਤੇ ਡਾਇਗਨੌਸਟਿਕ ਸੈਂਟਰਾਂ ਦੀ ਮਦਦ ਲਈ ਜਾਵੇਗੀ। ਇਹ ਪ੍ਰਾਈਵੇਟ ਸੈਂਟਰ ਵਾਧੂ ਸਰਜਰੀਆਂ ਤੇ ਹੋਰ ਮੈਡੀਕਲ ਪ੍ਰੋਸੀਜਰਜ਼ ਨੂੰ ਅੰਜਾਮ ਦੇਣਗੇ।

ਸੋਮਵਾਰ ਸਵੇਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਸਿਲਵੀਆ ਜੋਨਜ਼ ਨੇ ਆਖਿਆ ਕਿ ਇਸ ਨਾਲ ਉਡੀਕ ਸਮਾਂ ਘਟਾਉਣ ਤੇ ਸਰਜੀਕਲ ਬੈਕਲਾਗ ਖ਼ਤਮ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਇਹ ਵੀ ਆਖਿਆ ਕਿ ਮਰੀਜ਼ਾਂ ਲਈ ਇਹ ਸਾਰੇ ਪ੍ਰੋਸੀਜਰਜ਼ ਓਨਟਾਰੀਓ ਹੈਲਥ ਇੰਸ਼ੋਰੈਂਸ ਪਲੈਨ (ਓਐਚਆਈਪੀ) ਤਹਿਤ ਆਉਣਗੇ।

ਪਹਿਲੇ ਪੜਾਅ ਵਿੱਚ ਮੋਤੀਆਬਿੰਦ ਦੇ ਆਪਰੇਸ਼ਨਜ਼ ਲਈ ਉਡੀਕ ਸੂਚੀ ਨੂੰ ਘੱਟ ਕਰਨ ਵਾਸਤੇ ਕਮਿਊਨਿਟੀ ਸਰਜੀਕਲ ਤੇ ਡਾਇਗਨੌਸਟਿਕ ਸੈਂਟਰਾਂ ਨਾਲ ਨਵੀਂ ਭਾਈਵਾਲੀ ਤਹਿਤ ਨਿਵੇਸ਼ ਕੀਤਾ ਜਾਵੇਗਾ। ਇਸ ਤਹਿਤ ਹਰ ਸਾਲ 14000 ਵਧੇਰੇ ਆਪਰੇਸ਼ਨ ਕੀਤੇ ਜਾ ਸਕਣਗੇ। ਇਨ੍ਹਾਂ ਸੈਂਟਰਾਂ ਵਿੱਚ ਮੁਨਾਫਾ ਕਮਾਉਣ ਵਾਲੇ ਤੇ ਗੈਰ ਮੁਨਾਫੇ ਵਾਲੇ ਸੈਂਟਰ ਦੋਵੇਂ ਹੋਣਗੇ। ਇਸ ਦੇ ਨਾਲ ਹੀ ਸਰਕਾਰ ਐਮਆਰਆਈ ਤੇ ਸੀਟੀ ਸਕੈਨ, ਆਪਥੈਲਮਿਕ ਸਰਜਰੀਜ਼, ਨਿੱਕੀਆਂ ਮੋਟੀਆਂ ਗਾਇਨੇਕੌਲੋਜੀਕਲ ਸਰਜਰੀਜ਼ ਤੇ ਪਲਾਸਟਿਕ ਸਰਜਰੀਜ਼ ਲਈ ਮੌਜੂਦਾ ਸੈਂਟਰਾਂ ਵਿੱਚ 18 ਮਿਲੀਅਨ ਡਾਲਰ ਦਾ ਨਿਵੇਸ਼ ਵੀ ਕਰੇਗੀ।

ਦੂਜੇ ਪੜਾਅ ਵਿੱਚ ਘੱਟ ਕਾਹਲੀ ਵਾਲੇ, ਘੱਟ ਖਤਰੇ ਵਾਲੇ ਆਪਰੇਸ਼ਨ ਆਦਿ ਕੀਤੇ ਜਾਣਗੇ। ਇਸ ਬਾਰੇ ਸਰਕਾਰ ਵੱਲੋਂ ਘੱਟ ਵੇਰਵਾ ਮੁਹੱਈਆ ਕਰਵਾਇਆ ਗਿਆ ਹੈ। ਅਗਲੇ ਮਹੀਨੇ ਪ੍ਰੋਵਿੰਸ ਨਵਾਂ ਬਿੱਲ ਪੇਸ਼ ਕਰਨ ਜਾ ਰਹੀ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਪ੍ਰਾਈਵੇਟ ਕਲੀਨਿਕਸ ਨੂੰ ਵਧੇਰੇ ਐਮਆਰਆਈ ਤੇ ਸੀਟੀ ਸਕੈਨ ਕਰਨ ਦੀ ਖੁੱਲ੍ਹ ਮਿਲ ਜਾਵੇਗੀ।

ਆਖਰੀ ਪੜਾਅ ਵਿੱਚ ਪ੍ਰਾਈਵੇਟ ਕਲੀਨਿਕਾਂ ਨੂੰ 2024 ਤੱਕ ਚੂਲੇ ਤੇ ਗੋਡਿਆਂ ਦੇ ਆਪਰੇਸ਼ਨ ਦੀ ਇਜਾਜ਼ਤ ਮਿਲ ਜਾਵੇਗੀ। ਇਸ ਦੌਰਾਨ ਫੋਰਡ ਨੇ ਸਪਸ਼ਟ ਕੀਤਾ ਕਿ ਇਹ ਤਬਦੀਲੀਆਂ ਆਰਜ਼ੀ ਨਹੀਂ ਸਗੋਂ ਸਥਾਈ ਹੋਣਗੀਆਂ।

## ਇੱਕਲੀ ਗੱਡੀ ਨੂੰ ਪੇਸ਼ ਆਇਆ ਹਾਦਸਾ, 4 ਜ਼ਖ਼ਮੀ



ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਵਿੱਚ ਬੀਤੇ ਦਿਨੀਂ ਹਾਈਵੇਅ 401 ਉੱਤੇ ਦੇਰ ਰਾਤ ਨੂੰ ਇੱਕ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਚਾਰ ਵਿਅਕਤੀ ਜ਼ਖ਼ਮੀ ਹੋ ਗਏ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਦਾ ਕਹਿਣਾ ਹੈ ਕਿ ਇਹ ਹਾਦਸਾ ਐਤਵਾਰ ਰਾਤੀਂ 11:30 ਉੱਤੇ ਪੋਰਟ ਯੂਨੀਅਨ ਰੋਡ ਨੇੜੇ ਪੂਰਬ ਵਾਲੀਆਂ ਕੁਲੈਕਟਰ ਲੇਨਜ਼ ਉੱਤੇ ਵਾਪ- ਰਆ। ਇਸ ਹਾਦਸੇ ਵਿੱਚ ਜ਼ਖ਼ਮੀ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਮੁੱਢਲੀਆਂ ਰਿਪੋਰਟਾਂ ਅਨੁਸਾਰ ਦੋ ਵਿਅਕਤੀਆਂ ਨੂੰ ਜਾਨਲੇਵਾ ਸੱਟਾਂ ਲੱਗੀਆਂ ਸਨ ਪਰ ਬਾਅਦ ਵਿੱਚ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਗਈ।

ਜਾਂਚਕਾਰ ਅਜੇ ਵੀ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਖਰਾਬ ਮੌਸਮ ਕਾਰਨ ਵੀ ਇਹ ਹਾਦਸਾ ਹੋਇਆ ਹੋ ਸਕਦਾ ਹੈ।

## 10-15 ਟੀਨੇਜ ਲੜਕਿਆਂ ਨੇ 2 ਟੀਟੀਸੀ ਮੁਲਾਜ਼ਮਾਂ ਉੱਤੇ ਕੀਤਾ ਹਮਲਾ



ਸਕਾਰਬਰੋ, 26 ਜਨਵਰੀ (ਪੋਸਟ ਬਿਊਰੋ) : ਸਕਾਰਬਰੋ ਵਿੱਚ ਕੈਨੇਡੀ ਸਟੇਸ਼ਨ ਨੇੜੇ ਇੱਕ ਬੱਸ ਵਿੱਚ ਦੋ ਵਰਦੀਧਾਰੀ ਟੀਟੀਸੀ ਮੁਲਾਜ਼ਮਾਂ ਉੱਤੇ ਹਮਲਾ ਕਰਨ ਵਾਲੇ ਘੱਟੋ ਘੱਟ 15 ਟੀਨੇਜ ਲੜਕਿਆਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਕੈਨੇਡੀ ਰੋਡ ਤੇ ਮੈਰੀਅਨ ਰੋਡ ਏਰੀਆ ਵਿੱਚ ਦੁਪਹਿਰੇ 3:30 ਵਜੇ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਇਸ ਹਮਲੇ ਦੀਆਂ ਖਬਰਾਂ ਮਿਲੀਆਂ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ 10 ਤੋਂ 15 ਟੀਨੇਜ ਲੜਕਿਆਂ ਨੇ ਟੀਟੀਸੀ ਬੱਸ ਉੱਤੇ ਸਵਾਰ ਦੋ ਮੁਲਾਜ਼ਮਾਂ ਉੱਤੇ ਹਮਲਾ ਕੀਤਾ ਤੇ ਉੱਥੋਂ ਫਰਾਰ ਹੋ ਗਏ। ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਬਹੁਤੀਆਂ ਸੱਟਾਂ ਨਹੀਂ ਲੱਗੀਆਂ। ਟੀਨੇਜ ਲੜਕਿਆਂ ਦੀ ਸਹੀ ਉਮਰ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਟੀਟੀਸੀ ਦੇ ਬੁਲਾਰੇ ਨੇ ਦੱਸਿਆ ਕਿ ਪੁਲਿਸ ਵੱਲੋਂ ਕੀਤੀ ਜਾ ਰਹੀ ਇਸ ਮਾਮਲੇ ਦੀ ਜਾਂਚ ਵਿੱਚ ਆਰਗੇਨਾਈਜ਼ੇਸ਼ਨ ਪੂਰਾ ਸਹਿਯੋਗ ਦੇ ਰਹੀ ਹੈ। ਟਰਾਂਜ਼ਿਟ ਮੁਲਾਜ਼ਮਾਂ ਉੱਤੇ ਇਸ ਤਰ੍ਹਾਂ ਦੇ ਹਮਲੇ ਨੂੰ ਕ੍ਰਿਮੀਨਲ ਕੋਡ ਦੇ ਵਿਸ਼ੇਸ਼ ਪ੍ਰਬੰਧ ਤਹਿਤ ਰੱਖਿਆ ਜਾਂਦਾ ਹੈ। ਐਮਲਗਾਮੇਟਿਡ ਟਰਾਂਜ਼ਿਟ ਯੂਨੀਅਨ (ਏਟੀਯੂ) ਲੋਕਲ 113, ਜੋ ਕਿ ਲੱਗਭਗ 12000 ਟਰਾਂਜ਼ਿਟ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਹਮਲਾ ਕਰਨ ਵਾਲਿਆਂ ਵਿੱਚ ਟੀਨੇਜਰ ਲੜਕੇ ਹੀ ਸ਼ਾਮਲ ਸਨ।

## ਕਾਰਜੈਕਿੰਗ ਕਰਨ ਵਾਲੇ 3 ਮਸ਼ਕੂਕਾਂ ਖਿਲਾਫ ਲਾਏ ਗਏ ਚਾਰਜਿਜ਼, ਇੱਕ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਪਿਛਲੇ ਸਾਲ ਦੇ ਅੰਤ ਵਿੱਚ ਚਾਕੂ ਦੀ ਨੋਕ ਉੱਤੇ ਦੋ ਫਰਾਰੀ ਗੱਡੀਆਂ ਖੋਹਣ ਵਾਲੇ ਤਿੰਨ ਮਸ਼ਕੂਕਾਂ ਨੂੰ ਟੋਰਾਂਟੋ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਚੌਥਾ ਮਸ਼ਕੂਕ ਅਜੇ ਫਰਾਰ ਹੈ। ਇਨ੍ਹਾਂ ਗੱਡੀਆਂ ਵਿੱਚੋਂ ਇੱਕ ਦਾ ਮੁੱਲ ਇੱਕ ਮਿਲੀਅਨ ਡਾਲਰ ਤੱਕ ਦੱਸਿਆ ਜਾਂਦਾ ਹੈ।

ਪੁਲਿਸ ਨੇ ਦੱਸਿਆ ਕਿ ਪਹਿਲੀ ਕਾਰਜੈਕਿੰਗ 30 ਸਤੰਬਰ, 2022 ਨੂੰ ਐਗਲਿੰਟਨ ਐਵਨਿਊ ਵੈਸਟ ਤੇ ਐਵਨਿਊ ਰੋਡ ਏਰੀਆ ਵਿੱਚ ਅੱਧੀ ਰਾਤ ਤੋਂ ਬਾਅਦ ਹੋਈ। ਇਸ ਘਟਨਾ ਵਿੱਚ ਪੁਲਿਸ ਨੇ ਦੱਸਿਆ ਕਿ ਇੱਕ ਕਾਲੇ ਰੰਗ ਦੀ ਬੀਐਮਡਬਲਿਊ ਵੱਲੋਂ 2017 ਮਾਡਲ ਦੀ ਫਰਾਰੀ ਐਫ12 ਦਾ ਪਿੱਛਾ ਕੀਤਾ ਗਿਆ ਤੇ ਫਿਰ ਜਦੋਂ ਡਰਾਈਵਰ ਨੇ ਗੱਡੀ ਪਾਰਕ ਕਰਕੇ ਆਪਣੇ ਘਰ ਵੱਲ ਜਾਣਾ ਸ਼ੁਰੂ ਕੀਤਾ ਤਾਂ ਮਸ਼ਕੂਕਾਂ ਨੇ ਬੀਐਮਡਬਲਿਊ ਨੂੰ ਫਰਾਰੀ ਦੇ ਬਿਲਕੁਲ ਪਿੱਛੇ ਪਾਰਕ ਕਰ ਦਿੱਤਾ ਤੇ ਤਿੰਨ ਮਸ਼ਕੂਕ ਚਾਕੂ ਲੈ ਕੇ ਡਰਾਈਵਰ ਕੋਲ ਪਹੁੰਚੇ ਤੇ ਉਸ ਆਲ੍ਹਾ ਦਰਜੇ ਦੀ ਮਹਿੰਗੀ ਗੱਡੀ ਦੀਆਂ ਚਾਬੀਆਂ ਮੰਗੀਆਂ। ਡਰਾਈਵਰ ਨੇ ਚਾਬੀਆਂ ਮਸ਼ਕੂਕਾਂ ਨੂੰ ਦੇ ਦਿੱਤੀਆਂ ਤੇ ਉਸ ਤੋਂ ਬਾਅਦ ਉਹ ਫਰਾਰੀ ਉੱਥੋਂ ਲੈ ਕੇ ਫਰਾਰ ਹੋ ਗਏ। ਇਸੇ ਗੱਡੀ ਦਾ ਮੁੱਲ ਇੱਕ ਮਿਲੀਅਨ ਡਾਲਰ ਦੇ ਨੇੜੇ ਦੱਸਿਆ ਜਾਂਦਾ ਹੈ।

ਪੁਲਿਸ ਮੁਤਾਬਕ ਇਸੇ ਗਰੁੱਪ ਵੱਲੋਂ 6 ਨਵੰਬਰ, 2022 ਨੂੰ ਮੁੜ ਸੇਂਟ ਕਲੇਅਰ ਐਵਨਿਊ ਵੈਸਟ ਤੇ ਐਵਨਿਊ ਰੋਡ ਏਰੀਆ ਵਿੱਚ ਰਾਤੀਂ ਇੱਕ ਵਜੇ ਦੇ ਨੇੜੇ ਤੇੜੇ ਇੱਕ ਹੋਰ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਇਸ ਘਟਨਾ ਵਿੱਚ ਡਰਾਈਵਰ ਨੇ ਆਪਣੀ 2018 ਮਾਡਲ ਦੀ ਫਰਾਰੀ 488 ਸਪਾਈਡਰ ਅਜੇ ਪਾਰਕ ਹੀ ਕੀਤੀ ਸੀ ਜਦੋਂ ਇੱਕ ਮਸ਼ਕੂਕ ਚਾਕੂ ਲੈ ਕੇ ਉਸ ਕੋਲ ਪਹੁੰਚਿਆ। ਚਾਕੂ ਵਿਖਾ ਕੇ ਮਸ਼ਕੂਕ ਨੇ ਡਰਾਈਵਰ ਦੀਆਂ ਜੇਬ੍ਹਾਂ ਦੀ ਕਾਹਲੀ ਨਾਲ ਤਲਾਸ਼ੀ ਲਈ ਤੇ ਫਰਾਰੀ ਦੀਆਂ ਚਾਬੀਆਂ ਕੱਢ ਲਈਆਂ। ਮਸ਼ਕੂਕ ਫਰਾਰੀ ਭਜਾ ਕੇ ਲੈ ਗਿਆ ਜਦਕਿ ਉਸ ਦਾ ਸਾਥੀ ਉਸ ਦੇ ਮਗਰ ਉਸ ਗੱਡੀ ਵਿੱਚ ਚਲਾ ਗਿਆ ਜਿਸ ਵਿੱਚ ਬੈਠ ਕੇ ਉਹ ਦੋਵੇਂ ਉੱਥੋਂ ਤੱਕ ਪਹੁੰਚੇ ਸਨ। ਪੁਲਿਸ ਨੇ ਦੱਸਿਆ ਕਿ ਇਹ ਫਰਾਰੀ 488 ਸਪਾਈਡਰ ਦਾ ਮੁੱਲ 300,000 ਡਾਲਰ ਦੇ ਨੇੜੇ ਤੇੜੇ ਹੋਵੇਗਾ।

ਜਾਂਚਕਾਰਾਂ ਦੇ ਅੰਦਾਜ਼ੇ ਮੁਤਾਬਕ ਇਨ੍ਹਾਂ ਦੋਵਾਂ ਕਾਰਜੈਕਿੰਗ ਦੀਆਂ ਘਟਨਾਵਾਂ ਵਿੱਚ ਚਾਰ ਮਸ਼ਕੂਕ ਸ਼ਾਮਲ ਸਨ। 22 ਨਵੰਬਰ, 2022 ਨੂੰ ਚਾਰਾਂ ਵਿੱਚੋਂ ਤਿੰਨ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। 22 ਸਾਲਾ ਸੈਮੂਅਲ ਵਿੰਸੈਂਟੀ, 22 ਸਾਲਾ ਬਿਊਡਨ ਪੈਟਰੋ ਹੈਲੋਜ਼ ਤੇ 24 ਸਾਲਾ ਐਲੀਅਟ ਰੇਨਜ਼ ਖਿਲਾਫ ਹਥਿਆਰ ਦੀ ਮਦਦ ਨਾਲ ਡਾਕਾ ਮਾਰਨ ਤੇ 5000 ਡਾਲਰ ਤੋਂ ਵੱਧ ਮੁੱਲ ਦੀ ਜੁਰਮ ਨਾਲ ਕਮਾਈ ਗਈ ਸੰਪਤੀ ਰੱਖਣ ਦੇ ਨਾਲ ਨਾਲ ਹੋਰ ਗੰਭੀਰ ਚਾਰਜਿਜ਼ ਵੀ ਲਾਏ ਗਏ ਹਨ। ਚੌਥੇ ਮਸ਼ਕੂਕ ਦੀ ਪਛਾਣ ਟੋਰਾਂਟੋ ਦੇ 23 ਸਾਲਾ ਰਾਇਨ ਟਾਈਸਨ ਵਜੋਂ ਹੋਈ ਹੈ ਤੇ ਉਹ ਅਜੇ ਫਰਾਰ ਹੈ। ਪੁਲਿਸ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਹੈ।

## ਟੀਟੀਸੀ ਦੀ ਬੱਸ ਉੱਤੇ ਛੁਰੇਬਾਜ਼ੀ ਕਾਰਨ 16 ਸਾਲਾ ਲੜਕਾ ਜ਼ਖ਼ਮੀ



ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਓਲਡ ਮਿੱਲ ਸਬਵੇਅ ਸਟੇਸ਼ਨ ਉੱਤੇ ਟੀਟੀਸੀ ਦੀ ਬੱਸ ਵਿੱਚ ਇੱਕ 16 ਸਾਲਾ ਲੜਕੇ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ।

ਬੁੱਧਵਾਰ ਦੁਪਹਿਰੇ 4:00 ਵਜੇ ਤੋਂ ਪਹਿਲਾਂ ਵਾਪਰੀ ਇਸ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਬਲੂਅਰ ਸਟਰੀਟ ਵੈਸਟ ਤੇ ਓਲਡ ਮਿੱਲ ਏਰੀਆ ਵਿੱਚ ਸੱਦਿਆ ਗਿਆ। ਲੜਕੇ ਦੇ ਸ਼ਰੀਰ ਤੇ ਲੱਤਾਂ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਜਾਣ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਸੀ। ਪਰ ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ। ਮਸ਼ਕੂਕ ਸਬੰਧੀ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਆਪਣੇ 20ਵਿਆਂ ਵਿੱਚ ਸੀ ਤੇ ਉਸ ਦੀ ਕੱਦਕਾਠੀ ਦਰਮਿਆਨੀ ਸੀ, ਉਸ ਨੇ ਨੀਲੇ ਰੰਗ ਦਾ ਮਾਸਕ ਤੇ ਕਾਲੀ ਜੈਕੇਟ ਪਾਈ ਹੋਈ ਸੀ ਤੇ ਉਸ ਦੇ ਹੁੱਡ ਨਾਲ ਸਿਰ ਢਕਿਆ ਹੋਇਆ ਸੀ। ਉਸ ਨੂੰ ਆਖਰੀ ਵਾਰੀ ਬਲੂਅਰ ਸਟਰੀਟ ਉੱਤੇ ਪੂਰਬ ਵੱਲ ਜਾਂਦਿਆਂ ਵੇਖਿਆ ਗਿਆ।

ਪੁਲਿਸ ਵੱਲੋਂ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਮਸ਼ਕੂਕ ਤੇ ਹਮਲਾਵਰ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਨਹੀਂ। ਇਸ ਤੋਂ ਪਹਿਲਾਂ ਦਿਨ ਵੇਲੇ ਇੱਕ ਵਿਅਕਤੀ ਨੂੰ ਹੱਥ ਵਿੱਚ ਸਰਿੰਜ ਲੈ ਕੇ ਟੀਟੀਸੀ ਦੇ ਦੋ ਮੁਲਾਜ਼ਮਾਂ ਦਾ ਪਿੱਛਾ ਕਰਨ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

# ਖਰਾਬ ਮੌਸਮ ਕਾਰਨ ਪੀਅਰਸਨ ਏਅਰਪੋਰਟ ਨੇ ਰੱਦ ਕੀਤੀਆਂ ਕਈ ਉਡਾਨਾਂ



ਓਨਟਾਰੀਓ, 26 ਜਨਵਰੀ (ਪੋਸਟ ਬਿਊਰੋ) : ਭਾਰੀ ਬਰਫਬਾਰੀ ਕਾਰਨ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਵੱਲੋਂ ਸੈਂਕੜੇ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ। ਏਅਰਪੋਰਟ ਨੇ ਦੱਸਿਆ ਕਿ ਇੱਥੋਂ ਰਵਾਨਾ ਹੋਣ ਵਾਲੀਆਂ 25.8 ਫੀ ਸਦੀ ਉਡਾਨਾਂ ਰੱਦ ਕੀਤੀਆਂ ਗਈਆਂ ਹਨ ਤੇ ਇਸੇ ਤਰ੍ਹਾਂ ਇੱਥੇ ਪਹੁੰਚਣ ਵਾਲੀਆਂ 26 ਫੀ ਸਦੀ ਉਡਾਨਾਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਕੁੱਲ ਮਿਲਾ ਕੇ 106 ਡਿਪਾਰਚਰ ਤੇ 106 ਐਰਾਈਵਲਜ਼ ਰੱਦ ਕੀਤੇ ਗਏ ਹਨ। 20 ਸੈਂਟੀਮੀਟਰ ਦੇ ਨੇੜੇ ਤੇੜੇ ਬਰਫਬਾਰੀ ਹੋ ਜਾਣ ਕਾਰਨ ਸ਼ਾਮ ਵੇਲੇ ਤੱਕ ਦਰਜਨਾਂ ਹੋਰ ਉਡਾਨਾਂ ਰੱਦ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਕਈ ਉਡਾਨਾਂ ਵਿੱਚ ਦੇਰ ਵੀ ਹੋ ਸਕਦੀ ਹੈ। ਟੋਰਾਂਟੋ ਪੀਅਰਸਨ ਵੱਲੋਂ ਯਾਤਰੀਆਂ ਨੂੰ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਏਅਰਪੋਰਟ ਲਈ ਰਵਾਨਾ ਹੋਣ ਤੋਂ ਪਹਿਲਾਂ ਉਹ ਏਅਰਪੋਰਟ ਦੀ ਵੈੱਬਸਾਈਟ ਉੱਤੇ ਜਾਂ ਆਪਣੀ ਏਅਰਲਾਈਨ ਤੋਂ ਆਪਣੀ ਫਲਾਈਟ ਦੇ ਸਟੇਟਸ ਦਾ ਪਤਾ ਜ਼ਰੂਰ ਲਗਾ ਲੈਣ। ਦੱਖਣੀ ਓਨਟਾਰੀਓ ਵਿੱਚ ਟਰੈਵਲ ਐਡਵਾਈਜ਼ਰੀ ਪ੍ਰਭਾਵੀ ਹੋਣ ਕਾਰਨ ਏਅਰ ਕੈਨੇਡਾ ਦਾ ਕਹਿਣਾ ਹੈ ਕਿ ਟਰੈਵਲਰਜ਼ ਆਪਣੀ ਫਲਾਈਟ ਵਿੱਚ ਤਬਦੀਲੀਆਂ ਵੀ ਕਰ ਸਕਦੇ ਹਨ।





ਕੈਨੇਡੀਅਨ ਉਦਯੋਗਪਤੀ ਅਤੇ ਟੈਲੀਵਿਜ਼ਨ ਸ਼ਖਸੀਅਤ ਮਨਜੀਤ ਮਿਨਹਾਸ ਨੂੰ ਕੈਨੇਡੀਅਨ ਆਰਮਡ ਫ਼ੋਰਸਸ ਅਤੇ Queens Own Rifles of Canada ਦੇ ਨਵੇਂ ਓਨੋਰਰੀ ਲੈਫਟੀਨੈਂਟ ਕਲਨਲ ਵਜੋਂ ਨਿਯੁਕਤ ਕੀਤਾ ਗਿਆ ਹੈ।

# ਠੱਲ੍ਹ ਪਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੈਨੇਡਾ ਵਿੱਚ ਆਸਮਾਨੀ ਛੂਹ ਰਹੀਆਂ ਹਨ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ



ਓਟਵਾ, 26 ਜਨਵਰੀ (ਪੋਸਟ ਬਿਊਰੋ) : ਕੁੱਝ ਮਹੀਨਿਆਂ ਤੋਂ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਆਸਮਾਨੀ ਛੂਹ ਰਹੀਆਂ ਹਨ। ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇੱਕ ਵਾਰੀ ਮਹਿੰਗਾਈ ਉੱਤੇ ਨਿਯੰਤਰਣ ਪਾਇਆ ਜਾ ਸਕਦਾ ਹੈ ਪਰ ਗਰੌਸਰੀ ਦੀਆਂ ਕੀਮਤਾਂ ਲੰਮੇਂ ਸਮੇਂ ਤੱਕ ਇਸ ਤਰ੍ਹਾਂ ਤੇਜ਼ ਹੀ ਰਹਿਣਗੀਆਂ।

ਕਾਨਫਰੰਸ ਬੋਰਡ ਆਫ ਕੈਨੇਡਾ ਦੇ ਚੀਫ ਇਕਨੌਮਿਸਟ ਪੈਡਰੋ ਐਂਟਿਊਨਜ਼ ਨੇ ਆਖਿਆ ਕਿ ਮੰਗਲਵਾਰ ਨੂੰ ਮਹਿੰਗਾਈ ਬਾਰੇ ਜਾਰੀ ਕੀਤੇ ਗਏ ਡਾਟਾ ਵਿੱਚ ਗਰੌਸਰੀ ਦੀਆਂ ਕੀਮਤਾਂ ਕੁੱਝ ਹੱਦ ਤੱਕ ਮੱਠੀਆਂ ਪੈਣ ਦਾ ਸੰਕੇਤ ਵੀ ਮਿਲਿਆ ਹੈ। ਦਸੰਬਰ ਦੇ ਮਹੀਨੇ ਸਟੋਰਜ਼ ਤੋਂ ਖਰੀਦੇ ਗਏ ਫੂਡ ਦੀਆਂ ਕੀਮਤਾਂ 11 ਫੀ ਸਦੀ ਤੱਕ ਵੱਧ ਸਨ, ਜੋ ਕਿ ਨਵੰਬਰ ਵਿੱਚ ਫੂਡ ਦੀਆਂ 11.4 ਫੀ ਸਦੀ ਕੀਮਤਾਂ ਤੋਂ ਮਾਮੂਲੀ ਘੱਟ ਸਨ। 2021 ਦੇ ਮੁਕਾਬਲੇ 2022 ਵਿੱਚ ਗਰੌਸਰੀ ਦੀਆਂ ਕੀਮਤਾਂ 9.8 ਫੀ ਸਦੀ ਨਾਲ ਵੱਧ ਰਹੀਆਂ। 1981 ਤੋਂ ਫੂਡ ਦੀਆਂ ਕੀਮਤਾਂ ਐਨੀ ਤੇਜ਼ੀ ਨਾਲ ਤੇ ਇਸ ਹੱਦ ਤੱਕ ਕਦੇ ਨਹੀਂ ਵਧੀਆਂ।

2022 ਵਿੱਚ ਤਾਂ ਸਟੈਟੇਸਟਿਕਸ ਕੈਨੇਡਾ ਵੱਲੋਂ ਟਰੈਕ ਕੀਤੀ ਗਈ ਹਰੇਕ ਫੂਡ ਆਈਟਮ ਦੀਆਂ ਕੀਮਤਾਂ ਵੱਧ ਪਾਈਆਂ ਗਈਆਂ। ਸਿਰਫ ਡੱਬਾਬੰਦ ਸਾਮਨ (ਮੱਛੀ) ਦੀਆਂ ਕੀਮਤਾਂ ਹੀ ਘਟੀਆਂ। ਆਮ ਤੋਂ ਆਮ ਖਾਣਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵੱਧ ਹੀ ਪਾਈਆਂ ਗਈਆਂ ਜਿਵੇਂ ਸੀਰੀਅਲਜ਼ ਦੀਆਂ ਕੀਮਤਾਂ 13.6 ਫੀ ਸਦੀ, ਪ੍ਰੋਸੈਸਡ ਮੀਟ 9.6 ਫੀ ਸਦੀ, ਤਾਜ਼ਾ ਸਬਜ਼ੀਆਂ 8.3 ਫੀ ਸਦੀ, ਤਾਜ਼ਾ ਫਲ 10.4 ਫੀ ਸਦੀ ਤੇ ਡੇਅਰੀ ਉਤਪਾਦ ਦੀਆਂ ਕੀਮਤਾਂ 8.6 ਫੀ ਸਦੀ ਵੱਧ ਰਹੀਆਂ।

# ਪ੍ਰੀਮੀਅਰਜ਼ ਵੱਲੋਂ ਮੰਗ ਕਰਨ ਉੱਤੇ ਟਰੂਡੋ ਨੇ ਜ਼ਮਾਨਤ ਸਬੰਧੀ ਸਿਸਟਮ ਵਿੱਚ ਸੁਧਾਰ ਕਰਨ ਦਾ ਦਿਵਾਇਆ ਭਰੋਸਾ

ਓਟਵਾ, 26 ਜਨਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਦੇਸ਼ ਦੇ ਜ਼ਮਾਨਤ ਸਬੰਧੀ ਸਿਸਟਮ ਵਿੱਚ ਸੁਧਾਰ ਕਰਨ ਲਈ ਕੈਨੇਡਾ ਦੇ ਪ੍ਰੀਮੀਅਰਜ਼ ਵੱਲੋਂ ਫੈਡਰਲ ਸਰਕਾਰ ਨੂੰ ਪੱਤਰ ਲਿਖ ਕੇ ਕੀਤੀ ਗਈ ਮੰਗ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦੀ ਸਰਕਾਰ ਇਸ ਪਾਸੇ ਤੇਜ਼ੀ ਨਾਲ ਤੇ ਸਾਵਧਾਨੀ ਨਾਲ ਕੰਮ ਕਰ ਰਹੀ ਹੈ।

ਸਾਰੀਆਂ 13 ਪ੍ਰੋਵਿੰਸਿਜ਼ ਤੇ ਟੈਰੇਟਰੀਜ਼ ਦੇ ਪ੍ਰੀਮੀਅਰਜ਼ ਵੱਲੋਂ ਸ਼ੁੱਕਰਵਾਰ ਨੂੰ ਟਰੂਡੋ ਨੂੰ ਲਿਖੇ ਪੱਤਰ ਵਿੱਚ ਇਸ ਮਾਮਲੇ ਵਿੱਚ ਫੌਰੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਦਸੰਬਰ ਦੇ ਅੰਤ ਵਿੱਚ ਓਨਟਾਰੀਓ ਦੇ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀ ਦਾ ਕਤਲ ਹੋਣ ਤੋਂ ਬਾਅਦ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਸ ਪੱਤਰ ਲਈ ਪਹਿਲ ਕੀਤੀ ਗਈ ਸੀ। ਇਸ ਪੁਲਿਸ ਅਧਿਕਾਰੀ ਦੇ ਕਥਿਤ ਦੋ ਕਾਤਲਾਂ ਵਿੱਚੋਂ ਇੱਕ ਨੂੰ ਹਮਲੇ ਤੇ ਹਥਿਆਰਾਂ ਨਾਲ ਸਬੰਧਤ ਹੋਰਨਾਂ ਚਾਰਜਿਜ਼ ਵਿੱਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਸਸਕਾਟੂਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਉਹ ਸਮਝਦੇ ਹਨ ਕਿ ਇਹ ਸੱਚੀਂ ਚਿੰਤਾ ਦਾ ਵਿਸ਼ਾ ਹੈ ਤੇ ਇਸ ਨੂੰ ਜਲਦ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਮਹੀਨੇਵਾਰ ਸਮਾਗ਼ਮ ਵਿਚ ਕਵਿਤਾਵਾਂ ਤੇ ਗੀਤਾਂ ਨਾਲ ਨਵੇਂ ਸਾਲ ਨੂੰ 'ਜੀ-ਆਇਆਂ' ਆਖਿਆ



ਬਰੈਂਪਟਨ, (ਡਾ. ਝੰਡ) - ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਪਿਛਲੇ ਐਤਵਾਰ 15 ਜਨਵਰੀ ਨੂੰ ਆਯੋਜਤ ਕੀਤੇ ਗਏ ਸਮਾਗ਼ਮ ਵਿਚ ਨਵੇਂ ਸਾਲ ਨੂੰ ਕਾਵਿ-ਮਈ ਅੰਦਾਜ਼ ਵਿਚ ਨਿੱਘੀ 'ਜੀ-ਆਇਆਂ' ਕਹੀ। ਸਮਾਗ਼ਮ ਵਿਚ ਸ਼ਾਮਲ ਹੋਏ ਕਵੀਆਂ-ਕਵਿੱਤਰੀਆਂ ਤੇ ਗਾਇਕਾਂ ਵੱਲੋਂ ਆਪੋ-ਆਪਣੇ ਅੰਦਾਜ਼ ਵਿਚ ਕਵਿਤਾਵਾਂ ਅਤੇ ਸੁਰੀਲੇ ਗੀਤਾਂ ਰਾਹੀਂ ਨਵੇਂ ਸਾਲ ਦਾ ਭਰਵਾਂ ਸੁਆਗ਼ਤ ਕੀਤਾ ਗਿਆ। ਪ੍ਰੋਗਰਾਮ ਦਾ ਆਰੰਭ ਕਰਦਿਆਂ ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਆਏ ਕਵੀਆਂ-ਕਵਿੱਤਰੀਆਂ, ਮੈਂਬਰਾਂ ਤੇ ਮਹਿਮਾਨਾਂ ਦਾ ਨਵੇਂ ਸਾਲ ਦੇ ਪਲੇਠੇ ਸਮਾਗ਼ਮ ਵਿਚ ਸ਼ਿਰਕਤ ਕਰਨ ਲਈ ਉਨ੍ਹਾਂ ਦਾ ਸੁਆਗ਼ਤ ਕਰਨ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਬੜੇ ਭਾਵਪੂਰਤ ਸ਼ਬਦਾਂ ਵਿਚ ਨਵੇਂ ਸਾਲ ਦੇ ਸ਼ੁਭ-ਆਗਮਨ ਦੀਆਂ ਮੁਬਾਰਕਾਂ ਸਾਂਝੀਆਂ ਕਰਦਿਆਂ ਹੋਇਆਂ ਸਾਰਿਆਂ ਨੂੰ ਨਿੱਘੀ ਜੀ-ਆਇਆਂ ਕਹੀ।

ਉਪਰੰਤ, ਮੰਚ-ਸੰਚਾਲਕ ਵੱਲੋਂ ਬਰੈਂਪਟਨ ਦੇ ਅਤੀ ਸੁਰੀਲੇ ਗਾਇਕ ਇਕਬਾਲ ਬਰਾੜ ਦੇ ਖ਼ੂਬਸੂਰਤ ਗੀਤ ਨਾਲ ਪ੍ਰੋਗਰਾਮ ਦੀ ਬਾਕਾਇਦਾ ਸ਼ੁਰੂਆਤ ਕੀਤੀ ਗਈ। ਚੱਲਦੇ ਪ੍ਰੋਗਰਮ ਦੌਰਾਨ ਸਰੋਤਿਆਂ ਦੀ ਫ਼ਰਮਾਇਸ਼ 'ਤੇ ਉਨ੍ਹਾਂ ਹੋਰ ਵੀ ਗੀਤ ਪੇਸ਼ ਕੀਤੇ। ਬਹੁਤ ਸਾਰੇ ਕਵੀਆਂ ਦੀਆਂ ਕਵਿਤਾਵਾਂ ਸਰੋਤਿਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਪੇਸ਼ ਕਰਨ ਵਾਲੀਆਂ ਸਨ, ਜਦ ਕਿ ਇਸ ਸਮਾਗ਼ਮ ਵਿਚ ਹੋਰ ਕਈਆਂ ਵੱਲੋਂ ਹੋਰ ਸਮਾਜਿਕ ਤੇ ਸੱਭਿਆਚਾਰਕ ਵਿਸ਼ਿਆਂ ਨਾਲ ਸਬੰਧਿਤ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ ਗਈਆਂ। ਸਮਾਗ਼ਮ ਵਿਚ ਪਹਿਲੀ ਵਾਰ ਸ਼ਾਮਲ ਹੋਏ ਕਵੀ ਜੱਸੀ ਭੁੱਲਰ ਦੀ ਨਵੇਂ ਸਾਲ ਨੂੰ ਮੁਖ਼ਾਤਿਬ ਕਵਿਤਾ 'ਨਵੇਂ ਸਾਲ ਦੀਆਂ ਲੱਖ ਵਧਾਈਆਂ, ਏਧਰੋਂ ਗਈਆਂ ਓਧਰੋਂ ਆਈਆਂ' ਬੜੀ ਪ੍ਰਭਾਵਸ਼ਾਲੀ ਰਹੀ। ਇਸ ਵਿਚ ਬਿਆਨ ਕੀਤੀ ਗਈ ਤਲਖ਼ ਹਕੀਕਤ ਅਤੇ ਵਿਅੰਗ ਨੂੰ ਸੱਭਨਾਂ ਵੱਲੋਂ ਪਸੰਦ ਕੀਤਾ ਗਿਆ। ਕਵੀਆਂ ਤੇ ਗਾਇਕਾਂ ਵੱਲੋਂ ਪੇਸ਼ ਕੀਤੀਆਂ ਗਈਆਂ ਹੋਰ ਕਵਿਤਾਵਾਂ ਅਤੇ ਗੀਤ ਵੀ ਏਸੇ ਤਰ੍ਹਾਂ ਆਪੋ ਆਪਣੀ ਖ਼ੂਬਸੂਰਤ ਮਹਿਕ ਖਿਲਾਰਦੇ ਰਹੇ।

ਪ੍ਰੋਗਰਾਮ ਵਿਚ ਮਕਸੂਦ ਚੌਧਰੀ, ਡਾ. ਪਰਗਟ ਸਿੰਘ ਬੱਗਾ, ਗੁਰਦੇਵ ਚੌਹਾਨ, ਹਰਜਿੰਦਰ ਸਿੰਘ ਭਸੀਨ, ਹਰਦਿਆਲ ਸਿੰਘ ਝੀਤਾ, ਕਰਨ ਅਜਾਇਬ ਸਿੰਘ ਸੰਘਾ, ਰਮਿੰਦਰ ਵਾਲੀਆ, ਕੁਲਦੀਪ ਦੀਪ, ਨਿਰਮਲ ਕੌਰ, ਸੰਜੀਵ ਕੁਮਾਰ , ਮਲੂਕ ਸਿੰਘ ਕਾਹਲੋਂ ਅਤੇ ਹੀਰਾ ਸਿੰਘ ਹੰਸਪਾਲ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ, ਜਦ ਕਿ ਐਡਵੋਕੇਟ ਦਰਸ਼ਨ ਸਿੰਘ ਦਰਸ਼ਨ ਤੇ ਕਈ ਹੋਰ ਸੁਹਿਰਦ ਸਰੋਤਿਆਂ ਵਿਚ ਸ਼ਾਮਲ ਸਨ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਨਵੇਂ ਸਾਲ ਦੀਆਂ ਵਧਾਈਆਂ ਸਾਂਝੇ ਕਰਦਿਆਂ ਹੋਇਆਂ ਸਾਰੇ ਬੁਲਾਰਿਆਂ ਅਤੇ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਮੈਕਲਾਗਲਨ ਰੋਡ 'ਤੇ ਟਰੈਫ਼ਿਕ ਲਾਈਟਾਂ ਲਗਾਉਣ ਲਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਡਿਪਟੀ ਮੇਅਰ ਨੂੰ ਦਿੱਤਾ ਯਾਦ-ਪੱਤਰ



ਬਰੈਂਪਟਨ, (ਡਾ. ਝੰਡ) - ਬਰੈਂਪਟਨ ਵਿਚ ਵਿਚਰ ਰਹੀਆਂ ਤਿੰਨ ਦਰਜਨ ਸੀਨੀਅਰਜ਼ ਕਲੱਬਾਂ ਦੀ 'ਸਾਂਝੀ ਛੱਤਰੀ' ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਤੇ ਹੋਰ ਮੈਂਬਰਾਂ ਵੱਲੋਂ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਸਿੱਖ ਸੰਗਤ ਰੀਗਨ ਰੋਡ ਦੇ ਪਿਛਲੇ ਪਾਸੇ ਚੱਲ ਰਹੀ ਮੈਕਲਾਗਲਨ ਰੋਡ ਉੱਪਰ ਪੈਡੈੱਸਟਰੀਅਨ ਕਰਾਸਿੰਘ ਬਨਾਉਣ ਅਤੇ ਟਰੈਫ਼ਿਕ ਲਾਈਟਾਂ ਲਗਾਉਣ ਲਈ ਬਰੈਂਪਟਨ ਸਿਟੀ ਕੌਂਸਲ ਦੇ ਡਿਪਟੀ ਮੇਅਰ ਨੂੰ ਯਾਦ-ਪੱਤਰ ਸੌਂਪਿਆ ਗਿਆ। ਇਲਾਕੇ ਦੇ ਲੋਕਾਂ ਅਤੇ ਸੀਨੀਅਰਜ਼ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਲਈ ਉਨ੍ਹਾਂ ਨੂੰ ਜਦੋਂ ਪੱਛਮ ਵਾਲੇ ਪਾਸਿਉਂ ਮੈਕਲਾਗਲਨ ਰੋਡ ਨੂੰ ਪਾਰ ਕਰਨਾ ਪੈਂਦਾ ਹੈ ਤਾਂ ਟਰੈਫ਼ਿਕ ਲਾਈਟਾਂ ਗੁਰਦੁਆਰਾ ਸਾਹਿਬ ਦੇ ਦੋਹਾਂ ਪਾਸਿਆਂ ਤੋਂ ਹੀ ਕਾਫ਼ੀ ਦੂਰ ਪੈਂਦੀਆਂ ਹਨ। ਨਤੀਜੇ ਵਜੋਂ ਜਦੋਂ ਕਈ ਵਿਅੱਕਤੀ ਗੁਰਦੁਆਰਾ ਸਾਹਿਬ ਦੇ ਨੇੜਿਉਂ ਮੈਕਲਾਗਲਨ ਰੋਡ ਪਾਰ ਕਰਦੇ ਹਨ ਤਾਂ ਉਨ੍ਹਾਂ ਲਈ ਐਕਸੀਡੈਂਟ ਦਾ ਖ਼ਤਰਾ ਹਰ ਵੇਲੇ ਬਣਿਆਂ ਰਹਿੰਦਾ ਹੈ ਅਤੇ ਪਿਛਲੇ ਸਮੇਂ ਵਿਚ ਅਜਿਹੀਆਂ ਕਈ ਦੁਰਘਟਨਾਵਾਂ ਹੋ ਵੀ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਅਤੇ ਇਸ ਏਰੀਏ ਵਿਚ ਵੱਸਦੇ ਲੋਕਾਂ ਵੱਲੋਂ ਸਿਟੀ ਕੌਂਸਲ ਨੂੰ ਇਸ ਸਬੰਧੀ ਕਈ ਵਾਰ ਮੰਗ-ਪੱਤਰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਇਸ ਇਲਾਕੇ ਦੇ ਵਾਰਡ ਨੰਬਰ 2 ਤੇ 6 ਦੇ ਰੀਜਨਲ ਕੌਂਸਲਰ ਮਾਈਕਲ ਪਲੈਸ਼ੀ ਵੀ ਪਿਛਲੇ ਕਈ ਸਾਲਾਂ ਤੋਂ ਇਸ ਦੇ ਲਈ ਸਿਟੀ ਕੌਂਸਲ ਉੱਪਰ ਦਬਾਅ ਬਣਾ ਰਹੇ ਹਨ ਪਰ 2020 ਵਿਚ ਕਰੋਨਾ ਮਹਾਂਮਾਰੀ ਦੇ ਫ਼ੈਲਣ ਅਤੇ ਹੋਰ ਕਈ ਪ੍ਰਬੰਧਕੀ ਕਾਰਨਾਂ ਕਰਕੇ ਇਹ ਮਸਲਾ ਲਟਕਦਾ ਆ ਰਿਹਾ ਹੈ।

ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਨੇ ਆਪਣੇ ਇਸ ਯਾਦ-ਪੱਤਰ ਵਿਚ ਲਿਖਿਆ ਹੈ ਕਿ ਮੈਕਲਾਗਲਨ ਰੋਡ ਦੇ ਪੂਰਬ ਅਤੇ ਪੱਛਮ ਵਾਲੇ ਪਾਸੇ ਦੋ ਬੱਸ-ਸਟਾਪ ਹਨ ਅਤੇ ਇਨ੍ਹਾਂ ਦੋਹਾਂ ਸਟਾਪਾਂ ਤੋਂ ਬੱਸਾਂ ਵਿੱਚੋਂ ਉੱਤਰ ਕੇ ਸੀਨੀਅਰਜ਼ ਅਤੇ ਹੋਰ ਕਈ ਲੋਕ ਗੁਰਦੁਆਰਾ ਸਾਹਿਬ ਦੇ ਨੇੜੇ ਇਸ ਸੜਕ ਨੂੰ ਪਾਰ ਕਰਦੇ ਹਨ। ਇੱਥੇ ਟਰੈਫਿਕ ਲਾਈਟਾਂ ਨਾ ਹੋਣ ਕਾਰਨ ਐਕਸੀਡੈਂਟ ਵਗ਼ੈਰਾ ਦਾ ਖ਼ਤਰਾ ਹਰ ਵੇਲੇ ਬਣਿਆਂ ਰਹਿੰਦਾ ਹੈ। ਇਸ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਇਸ ਜਗ੍ਹਾਂ ਤੇ ਟਰੈਫ਼ਿਕ ਲਾਈਟਾਂ ਜਲਦੀ ਤੋਂ ਜਲਦੀ ਲਗਾਈਆਂ ਜਾਣ ਤਾਂ ਜੋ ਗੁਰਦੁ-ਆਰਾ ਸਾਹਿਬ ਆਉਣ ਵਾਲੀ ਸੰਗਤ ਤੇ ਹੋਰ ਲੋਕ ਸੁਰੱਖਿਅਤ ਤਰੀਕੇ ਨਾਲ ਮੈਕਲਾਗਲਨ ਰੋਡ ਨੂੰ ਪਾਰ ਕਰ ਸਕਣ। ਉਂਜ, ਸਿਟੀ ਕੌਂਸਲ ਵੱਲੋਂ ਰੀਜਨਲ ਕੌਂਸਲਰ ਮਾਈਕਲ ਪਲੈਸ਼ੀ ਨੂੰ ਪ੍ਰਾਪਤ ਹੋਏ ਇਕ ਪੱਤਰ ਪਤਾ ਲੱਗਾ ਹੈ ਕਿ ਇਸ ਸਬੰਧੀ ਉੱਥੇ ਕੁਝ ਹਿੱਲਜੁਲ ਹੋਈ ਹੈ ਅਤੇ ਸਿਟੀ ਕੌਂਸਲ ਵੱਲੋਂ ਇਹ ਲਾਈਟਾਂ ਫ਼ਰਵਰੀ ਮਹੀਨੇ ਅਖ਼ੀਰ ਤੱਕ ਲਗਾਉਣ ਦਾ ਭਰੋਸਾ ਦਿੱਤਾ ਗਿਆ ਹੈ। ਵੇਖੋ, ਲੋਕਾਂ ਦਾ ਇਹ ਮਸਲਾ ਹੱਲ ਕਦੋਂ ਹੁੰਦਾ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



NEED A LAWYER ??

KAUR LAW OFFICE

Red Seal NOTARY



MANJEET KAUR

LL.B., (London UK) Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

# ਕੀ ਸੰਦੇਸ਼ ਦੇਂਦਾ ਹੈ ਅਫਸਰਾਂ ਦੇ ਯਰਕਾਊ ਵਿਹਾਰ ਮੂਹਰੇ ਮੁੱਖ ਮੰਤਰੀ ਦਾ ਬੈਰੀਕੇਡ

ਜਤਿੰਦਰ ਪਨੂੰ ਦੀ ਕਲਮ ਤੋਂ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੀਤੇ ਦਿਨੀਂ ਚੁੱਕੇ ਗਏ ਇੱਕ ਕਦਮ ਨਾਲ ਇੱਕ ਨਿਵੇਕਲੀ ਚਰਚਾ ਛਿੜ ਗਈ ਹੈ। ਬਹੁਤ ਸਾਰੇ ਲੋਕ ਇਸ ਗੱਲ ਤੋਂ ਖੁਸ਼ ਹਨ ਕਿ ਮੁੱਖ ਮੰਤਰੀ ਨੇ ਪੰਜਾਬ ਦੀ ਸਿਵਲ ਅਫਸਰਸ਼ਾਹੀ ਨੂੰ ਇਹ ਸਮਝਾ ਦਿੱਤਾ ਹੈ ਕਿ ਲੋਕਤੰਤਰ ਵਿੱਚ ਸਰਕਾਰ ਨੂੰ ਬਲੈਕਮੇਲ ਕਰਨ ਦੇ ਯਤਨ ਸਫਲ ਨਹੀਂ ਹੋ ਸਕਦੇ ਤੇ ਅਫਸਰਾਂ ਨੂੰ ਆਪਣੀ ਹੱਦ ਵਿੱਚ ਰਹਿਣਾ ਸਿੱਖ ਲੈਣਾ ਚਾਹੀਦਾ ਹੈ। ਅਸਰ ਇਸ ਦਾ ਬਿਲਕੁਲ ਇਹੀ ਪਿਆ ਤੇ ਪੰਜਾਬ ਦੀ ਸਰਕਾਰ ਨੂੰ ਚਲਾ ਰਹੀ ਪਾਰਟੀ ਦੇ ਆਗੂਆਂ ਤੋਂ ਇਲਾਵਾ ਕਈ ਬਾਹਰਲੇ ਲੋਕਾਂ ਨੇ ਵੀ ਮੁੱਖ ਮੰਤਰੀ ਦੇ ਪੈਂਤੜੇ ਦਾ ਬਹੁਤ ਸਮਝਦਾਰੀ ਨਾਲ ਹੁੰਗਾਰਾ ਭਰਿਆ ਹੈ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਪੰਜਾਬ ਕਾਂਗਰਸ ਦੇ ਇੱਕੋ ਇੱਕ ਲੀਡਰ ਹਨ, ਜਿਹੜੇ ਇੱਕ ਤੋਂ ਵੱਧ ਵਾਰੀ ਮੰਤਰੀ ਬਣਨ ਦੇ ਇਲਾਵਾ ਪਾਰਲੀਮੈਂਟ ਦੇ ਦੋਵਾਂ ਹਾਊਸਾਂ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਵੀ ਕੁਝ ਸਮਾਂ ਹੰਢਾ ਚੁੱਕੇ ਹਨ। ਅਫਸਰਾਂ ਵੱਲੋਂ ਹੜਤਾਲ ਕਹੇ ਬਗੈਰ ਸਮੂਹਿਕ ਛੁੱਟੀ ਲੈ ਕੇ ਹੜਤਾਲ ਦੇ ਅਸਿੱਧੇ ਕਦਮ ਬਾਰੇ ਪ੍ਰਤਾਪ ਸਿੰਘ ਬਾਜਵਾ ਨੇ ਓਸੇ ਦਿਨ ਕਹਿ ਦਿੱਤਾ ਕਿ ਏਦਾਂ ਦੇ ਚਾਲਿਆਂ ਦੀ ਹਮਾਇਤ ਨਹੀਂ ਕੀਤੀ ਜਾ ਸਕਦੀ। ਲੋਕਾਂ ਨਾਲੋਂ ਅਸਲ ਵਿੱਚ ਕੱਟੇ ਹੋਏ ਅਕਾਲੀ ਦਲ ਦੇ ਜਿਹੜੇ ਆਗੂ ਇਨ੍ਹਾਂ ਅਫਸਰਾਂ ਨੂੰ ਚੁੱਕਣਾ ਦੇਣ ਵਾਲੇ ਢੰਗ ਨਾਲ ਕਾਹਲੀ ਬਿਆਨਬਾਜ਼ੀ ਕਰਨ ਲਈ ਅੱਗੇ ਆਏ ਸਨ, ਉਹ ਵੀ ਮੁੱਖ ਮੰਤਰੀ ਦੇ ਸਖਤ ਕਦਮ ਅਤੇ ਹੜਤਾਲ ਦੇ ਹਸ਼ਰ ਤੋਂ ਬਾਅਦ ਚੁੱਪ ਵੱਟ ਗਏ ਹਨ।

ਅਸੀਂ ਇਹ ਕਦੀ ਨਹੀਂ ਚਾਹੁੰਦੇ ਕਿ ਅਫਸਰਾਂ ਨੂੰ ਸਤਿਕਾਰ ਨਾ ਮਿਲੇ, ਉਨ੍ਹਾਂ ਨੂੰ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ, ਪਰ ਲੋਕਤੰਤਰ ਵਿੱਚ ਉਹ ਆਪਣੇ-ਆਪ ਨੂੰ ਰਾਜੇ ਮੰਨਣ ਲੱਗ ਜਾਣ, ਇਸ ਤਰ੍ਹਾਂ ਨਹੀਂ ਚੱਲ ਸਕਦਾ। ਸਾਰੇ ਜਾਣਦੇ ਹਨ ਕਿ ਪਿਛਲੇ ਸਾਲਾਂ ਦੌਰਾਨ ਏਥੇ ਸਿਆਸੀ ਆਗੂਆਂ ਨੇ ਜਿਹੜੀ ਭ੍ਰਿਸ਼ਟਾਚਾਰ ਦੀ ਹਨੇਰੀ ਲਿਆ ਛੱਡੀ ਸੀ, ਬਹੁਤ ਸਾਰੇ ਅਫਸਰਾਂ ਦੀ ਉਸ ਵਿੱਚ ਮਿਲੀਭੁਗਤ ਹੁੰਦੀ ਸੀ। ਜਦੋਂ ਉਨ੍ਹਾਂ ਸਿਆਸੀ ਆਗੂਆਂ ਖਿਲਾਫ ਕਾਰਵਾਈ ਹੋਈ ਤਾਂ ਦਲਾਲਾਂ ਦੇ ਨਾਲ ਵੀ ਹੋਣੀ ਸੀ ਤੇ ਉਹ ਅਫਸਰ ਵੀ ਦਾੜ੍ਹ ਹੇਠ ਆ ਸਕਦੇ ਸਨ, ਜਿਹੜੇ ਲੀਡਰਾਂ ਨਾਲ ਮਿਲ ਕੇ ਹਿੱਸਾ-ਪੱਤੀ ਰੱਖਣ ਦੇ ਰਾਹ ਪਏ ਹੋਏ ਸਨ। ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਦੌਰਾਨ ਜਦੋਂ ਆਗੂਆਂ ਦੀ ਫੜੋ-ਫੜਾਈ ਹੁੰਦੀ ਰਹੀ, ਅਫਸਰੀ ਪੱਧਰ ਉੱਤੇ ਆਪਸੀ ਵਿਚਾਰਾਂ ਹੁੰਦੀਆਂ ਰਹੀਆਂ ਕਿ ਸਾਡੇ ਤੱਕ ਵੀ ਗੱਲ ਆ ਸਕਦੀ ਹੈ, ਕੁਝ ਕਰਨਾ ਚਾਹੀਦਾ ਹੈ। ਜਿਸ ਵਕਤ ਅਫਸਰਾਂ ਦੇ ਖਿਲਾਫ ਕਾਰਵਾਈ ਸ਼ੁਰੂ ਹੁੰਦੀ ਦਿਖਾਈ ਦਿੱਤੀ ਤਾਂ ਸਾਰਾ ਕੋੜਮਾ ਇਕੱਠਾ ਹੋ ਕੇ ਸਰਕਾਰ ਦੇ ਵਿਰੁੱਧ ਮੋਰਚੇਬੰਦੀ ਦਾ ਦਾਅ ਖੇਡਣ ਤੁਰ ਪਿਆ। ਇਹ ਗੱਲ ਅਫਸਰਾਂ ਨੂੰ ਭੁੱਲ ਗਈ ਕਿ ਜਿਸ ਕੇਸ ਤੋਂ ਬਹੁਤਾ ਰੌਲਾ ਪਿਆ ਸੀ, ਮੋਹਾਲੀ ਦੇ ਉਸ ਵੱਡੇ ਸਨਅਤੀ ਪਲਾਟ ਨੂੰ ਕਾਲੋਨੀ ਵਿੱਚ ਬਦਲ ਕੇ ਕਰੋੜਾਂ ਦੀ ਕਮਾਈ ਕਰਨ ਵਿੱਚ ਪਿਛਲੀ ਸਰਕਾਰ ਦੇ ਇੱਕ ਬਦਨਾਮ ਮੰਤਰੀ ਨਾਲ ਜਿਨ੍ਹਾਂ ਅਫਸਰਾਂ ਨੇ ਫਾਈਲਾਂ ਕਲੀਅਰ ਕੀਤੀਆਂ ਸਨ, ਉਸ ਕਾਲੋਨੀ ਦੇ ਪਲਾਟ ਮਾਲਕਾਂ ਦੀ ਲਿਸਟ ਵਿੱਚ ਉਨ੍ਹਾਂ ਅਫਸਰਾਂ ਦੇ ਘਰਾਂ ਦੇ ਜੀਆਂ ਦੇ ਨਾਂਅ ਬੋਲਦੇ ਹਨ। ਸਿੱਧੇ ਪੈਸੇ ਨਹੀਂ ਲਏ, ਕਰੋੜਾਂ ਦੇ ਪਲਾਟ ਲੈ ਲਏ ਸਨ ਤਾਂ ਕਾਗਜ਼ੀ ਸਬੂਤ ਹੋਣ ਕਾਰਨ ਉਨ੍ਹਾਂ ਖਿਲਾਫ ਕੇਸ ਬਣਨੇ ਸਨ। ਇਸ ਹਾਲ ਵਿੱਚ ਉਨ੍ਹਾਂ ਨੂੰ ਅਦਾਲਤ ਦਾ ਰਾਹ ਫੜਨਾ ਚਾਹੀਦਾ ਸੀ, ਉਹ ਅਣ-ਐਲਾਨੀ ਹੜਤਾਲ ਨਾਲ ਸਰਕਾਰ ਨੂੰ ਤੰਗ ਕਰਨ ਦੇ ਰਾਹ ਪੈਣ ਲੱਗ ਪਏ, ਜਿਸ ਬਾਰੇ ਮੁੱਖ ਮੰਤਰੀ ਨੇ ਆਪਣੀ ਚਿੱਠੀ ਵਿੱਚ ਬਲੈਕ-ਮੇਲਿੰਗ ਦਾ ਸ਼ਬਦ ਵਰਤਿਆ ਹੈ। ਏਦਾਂ ਦੀ ਬਲੈਕਮੇਲਿੰਗ ਵਿਰੁੱਧ ਕਾਨੂੰਨੀ ਕਾਰਵਾਈ ਦਾ ਜਿਹੜਾ ਪੈਂਤੜਾ ਮੁੱਖ ਮੰਤਰੀ ਨੇ ਲਿਆ, ਉਸ ਤੋਂ ਪੰਜਾਬ ਦੇ ਲੋਕ ਖੁਸ਼ ਦਿਖਾਈ ਦਿੱਤੇ ਹਨ।

ਪੰਜਾਬ ਦੇ ਅਫਸਰਾਂ ਨੂੰ ਇਹ ਸੋਚ ਨਹੀਂ ਆਈ ਕਿ ਇਹੋ ਜਿਹਾ ਹੜਤਾਲ ਵਰਗਾ ਕਦਮ ਜਦੋਂ ਚੁੱਕਿਆ ਜਾਵੇ ਤਾਂ ਇਸ ਦਾ ਅਸਰ ਪੰਜਾਬ ਤੱਕ ਸੀਮਤ ਨਹੀਂ ਰਹਿ ਸਕਦਾ। ਜਿਸ ਦਿਨ ਪੰਜਾਬ ਵਿੱਚ ਅਫਸਰਾਂ ਨੇ ਏਦਾਂ ਦਾ ਕਦਮ ਚੁੱਕਿਆ ਸੀ, ਉਸੇ ਦਿਨ ਬਿਹਾਰ ਵਿੱਚ ਉਨ੍ਹਾਂ ਵਰਗਾ ਇੱਕ ਅਧਿਕਾਰੀਫੜਿਆ ਗਿਆ ਸੀ, ਓਥੇ ਵੀ ਅਫਸਰ ਪੰਜਾਬ ਦੇ ਅਫਸਰਾਂ ਵਾਲੇ ਰਾਹ ਪੈ ਸਕਦੇ ਸਨ। ਇੱਕ ਹਫਤਾ ਪਹਿਲਾਂ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਹੇਠਹੋਏ ਟੀਚਰ ਇਲਿਜੀਬਿਲਟੀ ਟੈੱਸਟ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਇਨ੍ਹਾਂ ਵਰਗਾ ਇੱਕ ਅਫਸਰ ਫੜਿਆ ਗਿਆ ਸੀ। ਰਾਜਸਥਾਨ ਵਿੱਚ ਨੌਕਰੀਆਂ ਦੇਣ ਦੇ ਟੈੱਸਟ ਵੇਲੇ ਪੇਪਰ ਲੀਕੇਜ ਕਾਂਡ ਹੋਇਆ ਤੇ ਓਦੋਂ ਹੀ ਹਿਮਾਚਲ ਪ੍ਰਦੇਸ਼ ਵਿੱਚ ਏਦਾਂ ਦਾ ਇੱਕ ਕੇਸ ਹੋਇਆ ਸੀ ਤੇ ਉਨ੍ਹਾਂ ਦੋਵਾਂ ਕਾਂਗਰਸੀ ਸਰਕਾਰਾਂ ਵਾਲੇ ਰਾਜਾਂ ਦੀ ਪੁਲਸ ਨੇ ਵੀ ਅਫਸਰ ਗ੍ਰਿਫਤਾਰ ਕੀਤੇ ਸਨ। ਪੰਜਾਬ ਵਾਲਾ ਕਦਮ ਓਥੋਂ ਦੇ ਅਫਸਰ ਵੀ ਚੁੱਕਣ ਦੀ ਧਮਕੀ ਦੇ ਸਕਦੇ ਸਨ। ਮੱਧ ਪ੍ਰਦੇਸ਼ ਵਿੱਚ ਦੋ ਅਫਸਰ ਪਤੀ-ਪਤਨੀ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਵਿੱਚ ਫੜੇ ਗਏ ਤਾਂ ਉਨ੍ਹਾਂ ਦੇ ਡਬਲ-ਬੈੱਡ ਹੇਠਲੇ ਬਕਸੇ ਵਿੱਚੋਂ ਨੋਟਾਂ ਦੇ ਢੇਰ ਨਿਕਲੇ ਸਨ। ਝਾਰਖੰਡ ਦੀ ਇੱਕ ਬਹੁ-ਚਰਚਿਤ ਮਹਿਲਾ ਅਫਸਰ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੀ ਗਈ ਸੀ। ਵੱਖ-ਵੱਖ ਰਾਜਾਂ ਵਿੱਚ ਸਰਕਾਰ ਭਾਵੇਂ ਭਾਜਪਾ ਦੀ ਹੋਵੇ, ਕਾਂਗਰਸ ਦੀ ਜਾਂ ਕਿਸੇ ਵੀ ਹੋਰ ਪਾਰਟੀ ਦੀ, ਸਾਰਿਆਂ ਨੂੰ ਪੰਜਾਬ ਦੇ ਅਫਸਰਾਂ ਵਾਲੀ ਹੜਤਾਲ ਦੇ ਕਦਮ ਤੋਂ ਹੈਰਾਨੀ ਹੋਈ ਅਤੇ ਸਾਨੂੰ ਪਤਾ ਲੱਗਾ ਹੈ ਕਿ ਸਾਰਿਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਦਾਏਦਾਂ ਦਾ ਕਦਮ ਠੀਕ ਲੱਗਾ ਹੈ। ਇਸ ਤਰ੍ਹਾਂ ਅਫਸਰਾਂ ਦੀ ਹੜਤਾਲ ਦੀ ਖੇਡ ਉਨ੍ਹਾਂ ਰਾਜਾਂ ਤੱਕ ਵੀ ਜਾ ਸਕਦੀ ਸੀ ਤੇ ਫਿਰ ਭਾਰਤ ਦੇ ਹਰ ਰਾਜ ਦੀ ਸਰਕਾਰ ਇੱਕ ਤਰ੍ਹਾਂ ਅਫਸਰੀ ਬਲੈਕਮੇਲ ਦਾ ਸ਼ਿਕਾਰ ਹੋ ਕੇ ਖੂੰਜੇ ਲੱਗਣ ਦੀ ਨੌਬਤ ਆ ਸਕਦੀ ਸੀ।

ਅਸੀਂ ਫਿਰ ਕਹੀਏ ਕਿ ਅਫਸਰ ਸਰਕਾਰ ਦੀ ਕਾਰਕਰਦਗੀ ਦਾ ਮੁੱਖ ਧੁਰਾ ਹੁੰਦੇ ਹਨ ਤੇ ਇਨ੍ਹਾਂ ਦਾ ਹਰ ਤਰ੍ਹਾਂ ਦਾ ਬਣਦਾ ਸਤਿਕਾਰ ਕਾਇਮ ਰੱਖਿਆ ਜਾਣਾ ਚਾਹੀਦਾ ਹੈ, ਪਰ ਇਨ੍ਹਾਂ ਨੂੰ ਵੀ ਏਦਾਂ ਵਿਹਾਰ ਕਰਨ ਤੋਂ ਬਚਣ ਦੀ ਲੋੜ ਹੈ ਕਿ ਉਹ ਕਿਸੇ ਸਿਆਸੀ ਧਿਰ ਦੇ ਪੱਖ ਜਾਂ ਵਿਰੋਧ ਵਿੱਚ ਚੱਲਦੇ ਨਾ ਜਾਪਣ ਲੱਗ ਪੈਣ। ਪੰਜਾਬ ਦੇ ਕੇਸ ਵਿੱਚ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਏਥੇ ਪਹਿਲਾਂ ਵੀ ਅਫਸਰ ਫੜੇ ਜਾਂਦੇ ਰਹੇ ਹਨ, ਪਰ ਉਨ੍ਹਾਂ ਲਈ ਕਦੀ ਵੀ ਏਦਾਂ ਹੜਤਾਲ ਕਰਨ ਵਰਗੀ ਲਾਮਬੰਦੀ ਨਹੀਂ ਸੀ ਹੋਈ। ਹਰਿਆਣੇ ਦਾ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਜਦੋਂ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਦਸ ਸਾਲ ਦੀ ਕੈਦ ਭੁਗਤਣ ਲਈ ਜੇਲ੍ਹ ਭੇਜਿਆ ਗਿਆ, ਉਸ ਦੇ ਨਾਲ ਵੀ ਕਈ ਅਫਸਰਾਂ ਨੂੰ ਜੇਲ੍ਹ ਭੇਜਿਆ ਗਿਆ ਸੀ, ਪਰ ਏਦਾਂ ਦੀ ਹੜਤਾਲ ਨਹੀਂ ਸੀ ਹੋਈ। ਸਾਡੇ ਪੰਜਾਬ ਦੇ ਆਈ ਏ ਐੱਸ ਅਫਸਰ ਕਾਹਨ ਸਿੰਘ ਪਨੂੰ ਨੂੰ ਹੇਮਕੁੰਟ ਸਾਹਿਬ ਵਿੱਚ ਜਿੱਦਾਂ ਬੇਇੱਜ਼ਤ ਕੀਤਾ ਜਾਂ ਕਰਵਾਇਆ ਗਿਆ ਸੀ, ਉਸ ਦੇ ਪਿੱਛੇ ਕਿਸੇ ਅਫਸਰ ਨੇ ਕੋਈ ਹੜਤਾਲ ਨਹੀਂ ਸੀ ਕੀਤੀ। ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਫਸਦੇ ਅਫਸਰਾਂ ਦੇ ਪੱਖ ਵਿੱਚ ਹੜਤਾਲ ਦਾ ਕਦਮ ਚੁੱਕ ਕੇ ਪੰਜਾਬ ਦੀ ਸਿਵਲ ਅਫਸਰਸ਼ਾਹੀ ਨੇ ਅਜੀਬ ਕਿਸਮ ਦਾ ਯਰਕਾਊ ਕੰਮ ਕਰਨ ਦਾ ਯਤਨ ਕੀਤਾ ਹੈ। ਅਫਸਰਾਂ ਨੂੰ ਇਹ ਚੇਤਾ ਨਾ ਰਿਹਾ ਕਿ ਕੱਲ੍ਹ ਨੂੰ ਉਹ ਆਪਣੇ ਦਫਤਰ ਦੇ ਕਿਸੇ ਕਰਮਚਾਰੀ ਦੇ ਖਿਲਾਫ ਕਿਸੇ ਵਕਤ ਸਖਤੀ ਦਾ ਕੋਈ ਕਦਮ ਚੁੱਕਣਗੇ ਤਾਂ ਓਥੇ ਵੀ ਸਾਰੇ ਕਰਮਚਾਰੀ ਹੜਤਾਲ ਕਰ ਦਿੱਤਾ ਕਰਨਗੇ ਤੇ ਸਰਕਾਰੀ ਕੰਮ-ਕਾਜ ਚੱਲਣ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਵੇਗੀ। ਏਹੋ ਜਿਹੇ ਕਦਮ ਨੂੰ ਮੁੱਖ ਮੰਤਰੀ ਵਾਂਗ ਅਸੀਂ ਬਲੈਕਮੇਲਿੰਗ ਨਾਵੀ ਕਹੀਏ ਤਾਂ ਇਸ ਕਦਮ ਦਾ ਸਿੱਟਾ ਇੱਕ ਇਹੋ ਜਿਹੀ ਬਦ-ਅਮਨੀ ਜਾਂ ਅਰਾਜਕਤਾ ਵਿੱਚ ਨਿਕਲਣਾ ਸੀ, ਜਿਹੜੀ ਪਹਿਲਾਂ ਤੋਂ ਮੁਸ਼ਕਲਾਂ ਦੀ ਮਾਰ ਹੇਠ ਆਏ ਹੋਏ ਪੰਜਾਬ ਦੇ ਲੋਕਾਂ ਦੀਆਂ ਮੁਸੀਬਤਾਂ ਹੋਰ ਵਧਾ ਸਕਦੀ ਸੀ। ਇਸ ਕਰ ਕੇ ਅਫਸਰਸ਼ਾਹੀ ਨੂੰ ਇਸਕੌੜੇ ਤਜਰਬੇ ਤੋਂ ਬਾਅਦ ਪੰਜਾਬ ਦੇ ਲੋਕਾਂ ਦੀ ਹਕੀਕੀ ਸੇਵਾ ਵੱਲ ਧਿਆਨ ਦੇ ਕੇ ਆਪਣਾ ਅਕਸ ਸੁਧਾਰਨਾ ਚਾਹੀਦਾ ਹੈ।

ਦੂਸਰੇ ਪਾਸੇ ਇਸ ਤੋਂ ਹਟਵਾਂ ਪੱਖ ਇਹ ਵੀ ਹੈ ਕਿ ਪੰਜਾਬ ਦੇ ਕੁਝ ਮੰਤਰੀ ਅਤੇ ਕੁਝ ਵਿਧਾਇਕ ਵੀ ਹਾਲਾਤ ਦੇ ਵਹਿਣ ਨੂੰ ਸਮਝ ਨਹੀਂ ਰਹੇ ਅਤੇ ਦਸ ਮਹੀਨੇ ਸਰਕਾਰ ਬਣੀ ਨੂੰ ਹੋਣ ਪਿੱਛੋਂ ਵੀ ਉਹ ਚੱਜ-ਆਚਾਰ ਸਿੱਖਣ ਵਾਲਾ ਕੋਈ ਸਬੂਤ ਨਹੀਂ ਦੇ ਰਹੇ, ਜਿਹੜਾ ਉਨ੍ਹਾਂ ਨੂੰ ਦੇਣਾ ਚਾਹੀਦਾ ਹੈ। ਅਣਕਿਆਸੀ ਜਿੱਤ ਹੋਣਨਾਲਕੁਝ ਏਦਾਂ ਦੇ ਲੋਕ ਮੰਤਰੀ ਦੇ ਰੁਤਬੇ ਤੱਕ ਪਹੁੰਚ ਗਏ ਹਨ, ਜਿਹੜੇ ਅਜੇ ਤੱਕ ਆਪਣੇ ਅਹੁਦੇ ਦੀਆਂ ਸਰਕਾਰੀ ਜ਼ਿੰਮੇਵਾਰੀਆਂ ਨੂੰ ਨਹੀਂ ਸਮਝ ਸਕੇ ਤੇ ਇਖਲਾਕੀ ਜ਼ਿਮੇਵਾਰੀ ਵੱਲ ਵੀ ਧਿਆਨ ਦੇਣਾ ਨਹੀਂ ਜਾਣਦੇ। ਉਨ੍ਹਾਂ ਦੀ ਨਕੇਲ ਉਨ੍ਹਾਂ ਅਫਸਰਾਂ ਅਤੇ ਪਿਛਲੀ ਸਰਕਾਰ ਦੇ ਕੁਝ ਮੰਤਰੀਆਂ ਦੇ ਏਜੰਟਾਂ ਦੇ ਹੱਥਾਂ ਵਿੱਚ ਹੈ, ਜਿਹੜੇ ਮਨ-ਆਈਆਂ ਕਰ ਕੇ ਲੋਕਾਂ ਵਿੱਚ ਸਰਕਾਰ ਦੀ ਬਦਨਾਮੀ ਵਧਣ ਦਾ ਕਾਰਨ ਪਹਿਲਾਂ ਬਣਦੇ ਰਹੇ ਸਨ। ਏਥੋਂ ਤੱਕ ਕਿ ਕੁਝ ਵਿਭਾਗਾਂ ਵਿੱਚ ਅਫਸਰਾਂ ਨੇ ਆਪਣੇ ਨਾਲ ਹੱਥ ਰਲੇ ਹੋਣ ਵਾਲੇ ਬਹੁਤ ਸਾਰੇ ਪੁਰਾਣੇ ਚਾਟੜਿਆਂ ਨੂੰ ਫਿਰ ਵਿਭਾਗੀ ਕਮੇਟੀਆਂ ਵਿੱਚ ਪਾ ਲਿਆ ਜਾਂ ਉਨ੍ਹਾਂ ਪੋਸਟਾਂ ਉੱਤੇ ਲਿਆ ਬਿਠਾਇਆ ਹੈ, ਜਿਨ੍ਹਾਂ ਉੱਤੇ ਹੋਰ ਲੋਕ ਹੋਣੇ ਚਾਹੀਦੇ ਸਨ। ਇਸ ਦਾ ਪਤਾ ਲੱਗਣ ਦੇ ਬਾਵਜੂਦ ਮੰਤਰੀ ਉਨ੍ਹਾਂ ਅਫਸਰਾਂ ਦੇ ਵੱਲ ਕੌੜੀ ਅੱਖ ਨਾਲ ਵੇਖਣ ਦੀ ਜੁਰਅੱਤ ਨਹੀਂ ਸਨ ਕਰ ਸਕੇ। ਸਰਕਾਰ ਜਿੱਦਾਂ ਦੀ ਵੀ ਚੱਲਦੀ ਰਹੀ, ਅਫਸਰਾਂ ਨੂੰ ਕਿਸੇ ਨੇ ਕੁਝ ਨਹੀਂ ਪੁੱਛਣਾ, ਜਦੋਂ ਲੋਕਾਂ ਵਿੱਚ ਜਾਣਾ ਪਿਆ, ਹਰ ਚੰਗੇ-ਮਾੜੇ ਕੰਮ ਦਾ ਲੇਖਾ ਮੰਤਰੀਆਂ ਤੇ ਵਿਧਾਇਕਾਂ ਨੂੰ ਦੇਣਾ ਪੈਣਾ ਹੈ, ਜੇ ਉਨ੍ਹਾਂ ਨੂੰ ਇਸ ਗੱਲ ਦਾ ਚੇਤਾ ਨਾ ਰਿਹਾ ਤਾਂ ਉਹ ਸਰਕਾਰ ਨਹੀਂ ਚਲਾ ਸਕਣਗੇ, ਅਫਸਰਾਂ ਦੇ ਕਾਰਿੰਦੇ ਜਿਹੇ ਬਣ ਕੇ ਰਹਿ ਜਾਣਗੇ। ਜਿਹੜੀ ਗੱਲ ਅਸੀਂ ਅਖੀਰ ਵਿੱਚ ਕਹਿਣੀ ਚਾਹੁੰਦੇ ਹਾਂ, ਉਹ ਇਹ ਕਿ ਸਾਰੇ ਅਫਸਰ ਇੱਕੋ ਜਿਹੇ ਨਹੀਂ ਹੁੰਦੇ, ਪੰਜਾਬ ਦੀ ਅਫਸਰਸ਼ਾਹੀ ਵਿੱਚ ਵੀ ਕੁਝ ਚੰਗੇ ਲੋਕ



ਹਨ, ਪਰ ਪਿਛਲੀਆਂ ਸਰਕਾਰਾਂ ਦੌਰਾਨ ਨੁੱਕਰੀਂ ਲਾ ਕੇ ਰੱਖੇ ਜਾਂਦੇ ਰਹੇ ਸਨ, ਉਨ੍ਹਾਂ ਨੂੰ ਅੱਗੇ ਲਿਆ ਕੇ ਪਰਖਿਆ ਜਾਵੇ ਤਾਂ ਹਾਲਾਤ ਸੁਧਾਰਨ ਦੀ ਆਸ ਵਧ ਸਕਦੀ ਹੈ। ਅਫਸਰਸ਼ਾਹੀ ਵੱਲੋਂ ਚੁੱਕੇ ਯਰਕਾਊ ਕਦਮਾਂ ਅੱਗੇ ਮੁੱਖ ਮੰਤਰੀ ਵੱਲੋਂ ਲਾਇਆ ਗਿਆ ਬੈਰੀਕੇਡ ਲੰਮੇ ਸਮੇਂ ਲਈ ਇਸ ਰਾਜ ਦੀ ਸਿਆਸੀ ਲੀਡਰਸ਼ਿਪ ਅਤੇ ਪ੍ਰਸ਼ਾਸਨ ਦੇ ਤਾਲਮੇਲ ਲਈ ਸੁਖਾਵੇਂ ਸਿੱਟੇ ਕੱਢ ਸਕਦਾ ਹੈ।

# ਬਜ਼ੁਰਗਾਂ ਨੂੰ ਵੀ ਮਾਨ ਸਨਮਾਨ ਵਾਲੀ ਜ਼ਿੰਦਗੀ ਜੀਉਣ ਦਾ ਹੱਕ ਹੈ



-ਸੁਰਜੀਤ ਸਿੰਘ ਫਲੋਰਾ-

ਜਿਥੇ ਅੱਜ ਵਿਗਿਆਨ ਨੇ ਬਹੁਤ ਵੱਡੀ ਪੱਧਰ ਤੇ ਤਰੱਕੀ ਕੀਤੀ ਹੈ, ਬਿਮਾਰੀਆਂ ਦੇ ਇਲਾਜ਼, ਮਨੁਖ ਦੇ ਜੀਵਨ ਜਿਉਣ ਦੇ ਢੰਗ ਤਰੀਕੇ, ਰਹਿਣ- ਸਹਿਣ ਕਾਰਨ ਮਨੁਖ 15-20 % ਤੱਕ ਆਪਣੀ ਉਮਰ ਵਿਚ ਵਾਧਾ ਹੋਇਆ ਹੈ। ਪਰ ਸਾਡੇ ਰਿਸ਼ਤਿਆਂ ਵਿਚ ਪਿਆਰ- ਮੁਹੱਬਤ , ਆਪਸੀ ਮਿਲ-ਵਰਤ ਕੇ ਰਹਿਣ ਵਿਚ ਬਹੁਤ ਬਦਲ ਆ ਚੁਕਾ ਹੈ। ਜਿਥੇ ਬਜੁਰਗ ਘਰ ਦਾ ਮਾਣ ਹੁੰਦੇ ਸਨ, ਹੁਣ ਉਹਨਾਂ ਨੂੰ ਕੋਈ ਪੁੱਛਦਾ ਵੀ ਨਹੀਂ ਇਥੋ ਤੱਕ ਕਿ ਉਹਨਾਂ ਨੂੰ ਨਰਸਿੰਗ ਹੋਮ ਵਿਚ ਭੇਜ ਦਿੱਤਾ ਜਾਂਦਾ ਹੈ। ਜਿਥੇ ਉਹ ਇਕੱਲੇ ਦੀਵਾਰਾਂ ਨਾਲ ਗੱਲਾਂ ਕਰਦੇ, ਆਪਣਾ ਜੀਵਨ ਬਤੀਤ ਕਰਦੇ ਹਨ।

ਜਿਸ ਲਈ ਸਾਨੂੰ ਵਿਆਪਕ ਜਨਤਕ ਘੋਲਾਂ ਰਾਹੀਂ ਸਾਡੇ ਬੁਨਿਆਦੀ ਹੱਕਾਂ ਦੀ ਰਾਖੀ ਕਰਨੀ ਹੋਵੇਗੀ ਜਿਸ ਵਿੱਚ ਬਜੁਰਗਾਂ ਲਈ ਮਾਨ ਸਨਮਾਨ ਦੀ ਜ਼ਿੰਦਗੀ ਜੀਣ ਦਾ ਹੱਕ ਵੀ ਸ਼ਾਮਲ ਹੈ। ਸਰਕਾਰਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਉਣਾ ਪਵੇਗਾ ਕਿ ਬਜੁਰਗ ਸਿਰਫ ਵੋਟ ਬੈਂਕ ਹੀ ਨਹੀਂ ਇਨਸਾਨ ਹਨ। ਆਪਣੇ ਇਹਨਾਂ ਜਮਹੂਰੀ ਹੱਕਾਂ ਦੀ ਰਾਖੀ ਕਰਦੇ ਹੋਏ ਸਾਨੂੰ ਪਰਿਵਾਰਾਂ ਅੰਦਰ ਵੀ ਹਰ ਸੰਭਵ ਹੱਦ ਤੱਕ ਜਮਹੂਰੀ ਕਦਰਾਂ ਕੀਮਤਾਂ ਨੂੰ ਬਹਾਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਮੌਜੂਦਾ ਅਣਮਨੁੱਖੀ, ਪਤਨਸ਼ੀਲ, ਸਾਰੀਆਂ ਨੈਤਿਕ ਕਦਰਾਂ ਕੀਮਤਾਂ ਗਵਾ ਚੁੱਕੇ ਅਤੇ ਵੇਲਾ ਗਵਾ ਚੁਕੇ ਸਰਮਾਏਦਾਰਾ ਸੱਭਿਆਚਾਰ ਖਿਲਾਫ਼ ਇੱਕ ਵਿਆਪਕ ਸੱਭਿਆਚਾਰਕ ਮੁਹਿੰਮ ਵਿੱਢਣੀ ਹੋਵੇਗੀ ਅਤੇ ਕਿਰਤੀ ਲੋਕਾਂ ਦੇ ਸੱਭਿਆਚਾਰ ਨੂੰ ਲੋਕਾਂ ਵਿੱਚ ਮੁੜ ਸਥਾਪਤ ਕਰਨਾ ਹੋਵੇਗਾ। ਸੰਖੇਪ ਵਿੱਚ ਇਸ ਪੂਰੇ ਸਰਮਾਏਦਾਰਾ ਢਾਂਚੇ ਨੂੰ ਢਹਿ ਢੇਰੀ ਕਰਨ ਦੀ ਲੜਾਈ ਲੜਨੀ ਹੋਵੇਗੀ ਅਤੇ ਇੱਕ ਐਸੇ ਸਮਾਜਵਾਦੀ ਸਮਾਜ ਦੀ ਉਸਾਰੀ ਕਰਨੀ ਹੋਵੇਗੀ ਜਿਸ ਵਿੱਚ ਵਿਅਕਤੀ ਦੇ ਹਿੱਤ ਸਮਾਜ ਨਾਲ਼ ਟਕਰਾਵੇਂ ਨਾ ਹੋ ਕੇ ਦੋਵੇਂ ਇੱਕ ਦੂਜੇ ਦੇ ਪੂਰਕ ਹੋਣ, ਮਨੁੱਖ ਦਾ ਇਹ ਖੁੱਸ ਚੁੱਕਿਆ ਮਨੁੱਖੀ ਗੌਰਵ ਮੁੜ ਬਹਾਲ ਹੋ ਸਕੇ। ਇਸ ਲੜਾਈ ਦਾ ਹਿੱਸਾ ਬਣਦੇ ਹੋਏ ਹੀ ਅਸੀਂ ਆਉਣ ਵਾਲ਼ੇ ਸਮੇਂ ਵਿੱਚ ਬਜੁਰਗਾਂ ਨੂੰ ਉਹਨਾਂ ਦਾ ਬਣਦਾ ਮਾਣ-ਸਨਮਾਨ ਵਾਪਸ ਦੇ ਸਕਦੇ ਹਾਂ।

ਪਰ ਕਈ ਵਾਰ ਸਵਾਲ ਉਠਦਾ ਹੈ ਕਿ ਬਜੁਰਗਾਂ ਦੀ ਦੇਖਭਾਲ ਕਿਸ ਨੂੰ ਕਰਨੀ ਚਹਿੰਦੀ ਹੈ? ਜਵਾਬ ਬਹੁਤ ਹੀ ਅਸਾਨ ਹੈ, ਜਦੋਂ ਤੁਸੀਂ ਬੱਚੇ ਸੀ ਤਾਂ ਤੁਹਾਡੀ ਦੇਖਭਾਲ ਕਿਸਨੇ ਕੀਤੀ ਅਤੇ ਤੁਹਾਨੂੰ ਭਵਿੱਖ ਲਈ ਸਮਰੱਥ ਕਿਸ ਨੇ ਬਣਾਇਆ? ਹੁਣ ਜਦੋਂ ਤੁਸੀਂ ਬੁੱਢੇ ਹੋ ਜਾਂਦੇ ਹੋ ਅਤੇ/ਜਾਂ ਆਪਣੀ ਦੇਖਭਾਲ ਕਰਨ ਵਿੱਚ ਅਸਮਰੱਥ ਹੋ ਜਾਂਦੇ ਹੋ ਤਾਂ ਤੁਹਾਡੀ ਦੇਖਭਾਲ ਕੌਣ ਕਰੇਗਾ? ਜਦੋਂ ਕਿ ਉਹਨਾਂ ਕੋਲ ਤੁਹਾਨੂੰ ਅਨਾਥ ਆਸ਼ਰਮ ਜਾਂ ਪਾਲਣ-ਪੋਸ਼ਣ ਘਰ ਵਿੱਚ ਛੱਡਣ ਦਾ ਵਿਕਲਪ ਸੀ?

ਭਾਵੇਂ ਅਸੀਂ ਇਸ ਸਭ ਨੂੰ ਪਾਸੇ ਰੱਖ ਦੇਈਏ, ਸਾਨੂੰ ਦਇਆ, ਦਿਆਲਤਾ ਅਤੇ ਪਿਆਰ ਨਾਲ ਭਰੀ ਦੁਨੀਆਂ ਦੀ ਲੋੜ ਹੈ। ਸਾਨੂੰ ਇੱਕ ਅਜਿਹੀ ਦੁਨੀਆਂ ਦੀ ਲੋੜ ਹੈ ਜਿੱਥੇ ਲੋਕ ਬੁਨਿਆਦੀ ਲੋੜਾਂ ਤੋਂ ਪਰੇ ਇੱਕ ਦੂਜੇ ਦੀ ਦੇਖਭਾਲ ਕਰਦੇ ਹਨ। ਕੀ ਇਹ ਚੰਗਾ ਨਹੀਂ ਹੋਵੇਗਾ? ਆਉ ਆਪਣੇ ਆਪ ਤੋਂ ਸ਼ੁਰੂਆਤ ਕਰੀਏ। ਅਤੇ ਸਾਡੇ ਬੱਚਿਆਂ ਅਤੇ ਸਾਡੇ ਆਲੇ ਦੁਆਲੇ ਹਰ ਕਿਸੇ ਲਈ ਰੋਲ ਮਾਡਲ ਬਣੀਏ।

ਜਦ ਮੈਂ ਇਕ ਨਰਸਿੰਗ ਹੋਮ ਵਿਚ ਕੰਮ ਕਰਦਾ ਸੀ ਤਾਂ ਮੈਂ ਬਜੁਰਗਾ ਦੇ ਹੰਝੂ ਦੇਖੇ ਹਨ, ਜਦ ਉਹਨਾਂ ਨੂੰ ਕੋਈ ਵੀ ਮਿਲਣ ਨਹੀਂ ਸੀ ਆਉਂਦਾ, ਮੈਂ ਉਹਨਾਂ ਦੇ ਹੰਝੂ ਵੇਖੇ ਅਤੇ ਉਹਨਾਂ ਨੂੰ ਦਿਲਾਸਾ ਦਿੰਦਾ ਰਹਿੰਦਾ ਸੀ, ਮੈਂ ਉਹ ਵੀ ਦੇਖੇ ਹਨ ਜਿਹਨਾਂ ਨੇ ਸਾਰੀ ਉਮਰ ਆਪਣੇ ਮਾਂ ਬਾਪ ਬਜੁਰਗਾਂ ਦੀ ਦੇਖਭਾਲ ਨਹੀਂ ਕੀਤੀ, ਅੰਤਿਮ ਸਮੇਂ ਤਕ ਮ੍ਰਿਤਕ ਸਰੀਰ ਤੱਕ ਨੂੰ ਲੈਣ ਨਹੀਂ ਆਏ, ਜੋ ਆਏ ਉਹ ਸਿਰਫ਼ ਤੇ ਸਿਰਫ਼ ਮੌਤ ਦਾ ਪ੍ਰਮਾਣ ਪੱਤਰ ਲੈਣ ਲਈ ਆਏ ਤਾਂ ਜੋ ਜਾਇਦਾਤ ਜੋ ਉਹ ਪਿਛੇਂ ਛੱਡ ਗਏ ਹਨ ਉਹ ਉਹਨਾਂ ਦੇ ਨਾਂ ਤੇ ਹੋ ਜਾਣ।

ਜੇਕਰ ਅੱਜ ਦੇ ਯੁਗ ਦੀ ਗੱਲ ਕਰਦੇ ਹਾਂ ਰਾਸ਼ਟਰ ਜੋ ਲਗਭਗ ਪੂਰੀ ਤਰ੍ਹਾਂ ਵਿਭਾਜਿਤ ਹੋ ਗਿਆ ਹੈ, ਰਹਿਣ ਲਈ ਉਮਰ-ਨਿਰਧਾਰਤ ਸਥਾਨਾਂ, ਅੱਗੇ ਵਧਣ ਲਈ ਗਤੀਵਿਧੀਆਂ, ਅਤੇ ਇੱਥੋਂ ਤੱਕ ਕਿ ਕੌਣ ਅਤੇ ਕਿੰਨੇ ਸਮੇਂ ਲਈ ਆ ਸਕਦਾ ਹੈ।



ਨਾਲ ਹੀ, ਇਹ ਸਭਿਆਚਾਰਾਂ ਦੇ ਅਧਾਰ ਤੇ ਬਹੁਤ ਬਦਲਦਾ ਹੈ. ਪੂਰਵ-ਆਧੁਨਿਕ ਸੰਸਕ੍ਰਿਤੀ ਵਿੱਚ, ਇੱਕ ਆਮ ਉਮੀਦ ਸੀ ਕਿ ਬੱਚੇ ਅਤੇ ਉਨ੍ਹਾਂ ਦੇ ਜੀਵਨ ਸਾਥੀ ਤੁਹਾਡੀ ਆਪਣੀ ਉਮਰ ਵਿੱਚ ਤੁਹਾਡੀ ਦੇਖਭਾਲ ਕਰਨ ਵਿੱਚ ਮਦਦ ਕਰਨਗੇ। ਵਧੇਰੇ ਆਧੁਨਿਕ ਅਤੇ ਖਾਸ ਕਰਕੇ ਪੱਛਮੀ ਆਧੁਨਿਕ ਸਭਿਆਚਾਰਾਂ ਵਿੱਚ, ਇਹ ਉਮੀਦ ਬਹੁਤ ਘੱਟ ਹੈ। ਕੁਝ ਪ੍ਰਵਾਸੀ ਜੋ ਜਵਾਨੀ ਵਿੱਚ ਆਪਣੇ ਬਜ਼ੁਰਗ ਮਾਪਿਆਂ ਦੀ ਦੇਖਭਾਲ ਕਰਦੇ ਹਨ, ਇਹ ਜਾਣ ਕੇ ਹੈਰਾਨ ਰਹਿ ਜਾਂਦੇ ਹਨ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਲਈ ਬਹੁਤ ਕੁਝ ਕਰਨ ਲਈ ਤਿਆਰ ਨਹੀਂ ਹਨ। ਜੀਵਣ ਦੇ ਦੋਨਾਂ ਤਰੀਕਿਆਂ ਦੇ ਫਾਇਦੇ ਅਤੇ ਕੋਬਸ ਹਨ।

ਕੋਈ ਹੋਰ ਸਭਿਆਚਾਰ ਜਿਸ ਬਾਰੇ ਮੈਂ ਜਾਣਦਾ ਹਾਂ, ਇਸ ਦੇ ਬਹੁਤ ਸਾਰੇ ਬਜ਼ੁਰਗਾਂ ਨੂੰ ਅਲੱਗ ਨਹੀਂ ਕੀਤਾ ਜਾਂਦਾ, ਬਜ਼ੁਰਗਾਂ ਨੂੰ ਸਤਿਕਾਰਯੋਗ ਪਰਿਵਾਰਕ ਮੈਂਬਰਾਂ ਵਜੋਂ ਦੇਖਦੇ ਹਨ।ਸਭ ਰਲ-ਮਿਲ ਕੇ ਰਹਿੰਦੇ ਹਨ। ਜ਼ਿਆਦਾਤਰ ਬਜ਼ੁਰਗ ਬੋਝ ਨਹੀਂ ਬਣਨਾ ਚਾਹੁੰਦੇ ਅਤੇ ਅੱਗੇ ਦੀ ਯੋਜਨਾ ਬਣਾਉਣਾ ਚਾਹੁੰਦੇ ਹਨ, ਅਤੇ ਅਕਸਰ ਉਹਨਾਂ ਯੋਜਨਾਵਾਂ ਵਿੱਚ ਚੱਲ ਰਹੇ ਪਰਿਵਾਰਕ ਜੀਵਨ ਸ਼ਾਮਲ ਹੁੰਦੇ ਹਨ ਜਿਸ ਵਿੱਚ ਪਿਆਰ ਕਰਨ ਵਾਲੇ ਬੱਚੇ ਅਤੇ ਪੋਤੇ-ਪੋਤੀਆਂ ਬਹੁ-ਪੀੜ੍ਹੀ ਰਹਿਣ ਅਤੇ ਸਾਂਝਾ ਕਰਨ ਦੇ ਵਿਸ਼ੇਸ਼ ਅਧਿਕਾਰ ਦਾ ਆਨੰਦ ਲੈਂਦੇ ਹਨ। ਕਈ ਵਾਰ ਬਿਮਾਰੀ - ਜਾਂ ਤਾਂ ਸਰੀਰਕ ਜਾਂ ਮਾਨਸਿਕ - ਪੇਸ਼ੇਵਰ ਦੇਖਭਾਲ ਦੀ ਮੰਗ ਕਰਦੀ ਹੈ, ਪਰ ਇਹ ਜ਼ਿਆਦਾਤਰ ਸਮਾਂ ਨਹੀਂ ਹੁੰਦਾ, ਜਿਵੇਂ ਕਿ ਦੂਜੇ ਦੇਸ਼ਾਂ ਵਿੱਚ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ।

ਪਰਿਵਾਰਾਂ ਵਿੱਚ ਰਹਿੰਦੇ ਬਜੁਰਗਾਂ ਵਿੱਚ 60% ਨੂੰ ਦੁਰਵਿਹਾਰ ਦਾ ਸਾਹਮਣਾਂ ਕਰਨਾ ਪੈਂਦਾ ਹੈ। ਇਹ ਦੁਰਵਿਹਾਰ ਕਈ ਰੂਪਾਂ ਵਿੱਚ ਸਾਹ-ਮਣੇ ਆਉਂਦਾ ਹੈ। ਸਰੀਰਕ ਤਸੀਹਿਆਂ ਰਾਹੀਂ, ਮਾਨਸਿਕ ਤਸੀਹਿਆਂ ਰਾਹੀਂ, ਮਨੋਵਿਗਿਆਨਕ ਤਸੀਹਿਆਂ ਰਾਹੀਂ ਆਦਿ ਅਨੇਕਾਂ ਤਰੀਕਿਆਂ ਨਾਲ਼ ਇਹਨਾਂ ਨਾਲ਼ ਦੁਰਵਿਹਾਰ ਕੀਤਾ ਜਾਂਦਾ ਹੈ ਜਿਸਦੀਆਂ ਉਦਾਹਰਣਾਂ ਸਾਨੂੰ ਰੋਜਾਨਾ ਆਪਣੇ ਆਲ਼ੇ ਦੁਆਲ਼ੇ ਜਾਂ ਅਖਬਾਰਾਂ , ਟੀ ਵੀ ਖ਼ਬਰਾਂ ਵਿੱਚ ਸੁਣਨ ਨੂੰ ਮਿਲ਼ਦੀਆਂ ਰਹਿੰਦੀਆਂ ਹਨ ਕਿ ਕਿਸ ਤਰ੍ਹਾਂ ਘਰਾਂ ਵਿੱਚ ਕੈਦ ਕਰ ਕੇ ਉਹਨਾਂ ਤੋਂ ਇੱਕ ਕੈਦੀ ਦੀ ਤਰ੍ਹਾਂ ਰੋਜਾਨਾਂ ਦੇ ਕੰਮ ਕਰਵਾਏ ਜਾਂਦੇ ਹਨ, ਨਾਂਹ-ਨੁੱਕਰ ਕਰਨ 'ਤੇ ਘਰੋਂ ਕੱਢ ਦਿੱਤੇ ਜਾਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਬੁਢਾਪਾ ਘਰਾਂ, ਵਿੱਚ ਉਹਨਾਂ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਉੱਥੇ ਵੀ ਜਿਸਮਾਨੀ ਛੇੜ ਛਾੜ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹਨਾਂ ਪੀੜਤਾਂ ਵਿੱਚੋਂ ਬਜੁਰਗਾਂ ਨਾਲ਼ ਘਰਾਂ ਵਿੱਚ ਰੋਜਾਨਾਂ ਦੁਰਵਿਹਾਰ ਕੀਤਾ ਜਾਂਦਾ ਹੈ, ਜਿਵੇਂ ਕਿ ਕੈਦੀਆਂ ਵਰਗੀ ਜ਼ਿੰਦਗੀ ਬਿਤਾਉਣੀ ਪੈਂਦੀ ਹੈ, ਮਾਨਸਿਕ ਸ਼ੋਸ਼ਣ, ਗਾਲੀ ਗਲੋਚ ਆਦਿ ਸਹਿਣਾ ਪੈਂਦਾ ਹੈ, ਕੁੱਟ ਮਾਰ ਤੇ ਹੋਰ ਜਿਸਮਾਨੀ ਸ਼ੋਸ਼ਣ ਸਹਿਣੇ ਪੈਂਦੇ ਹਨ, ਅਤੇ ਹੋਰ ਅਨੇਕਾਂ ਤਰ੍ਹਾਂ ਦੇ ਅਪਮਾਨ ਸਹਿਣੇ ਪੈਂਦੇ ਹਨ, ਘਰਾਂ ਵਿੱਚ ਵੀ ਇਕੱਲੇ ਰਹਿ ਰਹੇ ਬਜੁਰਗਾਂ ਨਾਲ਼ ਲੁੱਟ ਖੋਹ ਦੇ ਮਾਮਲੇ ਆਮ ਹੀ ਸੁਣਨ ਨੂੰ ਮਿਲ਼ਦੇ ਹਨ। ਇਹ ਵੀ ਸੱਚ ਹੈ ਕਿ ਬਹੁਤੇ ਬਜੁਰਗ ਅਣਮਨੁੱਖੀ ਹਾਲਤਾਂ ਵਿੱਚ ਜੀਵਨ ਬਤੀਤ ਕਰਨ ਲਈ ਮਜ਼ਬੂਰ ਹਨ ਮਤਲਬ ਇਹ ਕਿ ਅਬਾਦੀ ਦਾ ਇਹ ਹਿੱਸਾ ਸਮਾਜਕ ਤੌਰ 'ਤੇ ਪੂਰੀ ਤਰ੍ਹਾਂ ਅਸੁਰੱਖਿਅਤ ਹੈ, ਜਾਂ ਇੰਜ ਕਹਿ ਲਈਏ ਅਸਲ ਵਿੱਚ ਸਾਡਾ ਮੌਜੂਦਾ ਸਮਾਜ ਇਹਨਾਂ ਨੂੰ ਸੁਰੱਖਿਆ ਦੇਣ ਤੋਂ ਅਸੱਮਰਥ ਸਾਬਤ ਹੋ ਚੁੱਕਾ ਹੈ।

ਇੱਕ ਪੁਰਾਣੀ ਰੂਸੀ ਲੋਕ ਕਥਾ ਹੈ ਜਿਸ ਵਿੱਚ ਇੱਕ ਆਦਮੀ ਅਤੇ ਪਤਨੀ ਆਪਣੇ ਬੁੱਢੇ ਪਿਤਾ ਨੂੰ ਆਪਣੇ ਨਾਲ ਰਹਿਣ ਦੀ ਅਸੁਵਿਧਾ ਨੂੰ ਲੈ ਕੇ ਲੜਦੇ ਹਨ। ਆਖ਼ਰਕਾਰ ਆਦਮੀ ਆਪਣੀ ਪਤਨੀ ਦੇ ਵਿਰੋਧ ਨੂੰ ਸਵੀਕਾਰ ਕਰਦਾ ਹੈ ਅਤੇ ਆਪਣੇ ਪਿਤਾ ਨੂੰ ਨਸਸਿੰਗ ਹੋਮ ਵਿਚ ਭੇਜਣ ਲਈ ਸਹਿਮਤ ਹੋ ਜਾਂਦਾ ਹੈ। ਉਹ ਆਪਣੇ ਜਵਾਨ ਪੁੱਤਰ ਨੂੰ ਕਹਿੰਦਾ ਹੈ। "ਇੱਥੇ, ਆਪਣੇ ਦਾਦਾ ਜੀ ਨੂੰ ਠੰਡ ਦੇ ਵਿਰੁੱਧ ਇਸ ਕੰਬਲ ਵਿੱਚ ਲਪੇਟੋ ਅਤੇ ਉਸਨੂੰ ਗਰੀਬ ਘਰ ਪਹੁੰਚਾਓ।" ਸੰਸਕਾਰੀ ਪੁੱਤਰ ਕਹਿੰਦਾ ਹੈ, "ਜਿਵੇਂ ਤੁਹਾਡੀ ਮਰਜ਼ੀ, ਪਿਤਾ ਜੀ " ਅਤੇ ਕੰਬਲ ਨੂੰ ਅੱਧਾ ਕੱਟਣਾ ਸ਼ੁਰੂ ਕਰ ਦਿੰਦਾ ਹੈ। ਪਿਤਾ ਚੀਕਦਾ ਹੈ, "ਇਹ ਕੀ ਕਰ ਰਿਹਾ ਹੈ?" ਅਤੇ ਪੁੱਤਰ ਜਵਾਬ ਦਿੰਦਾ ਹੈ, "ਮੈਂ ਤੁਹਾਨੂੰ ਢੱਕਣ ਲਈ ਅੱਧਾ ਕੰਬਲ ਬਚਾ ਰਿਹਾ ਹਾਂ ਜਦੋਂ ਉਹ ਦਿਨ ਆਵੇਗਾ ਜਦੋਂ ਮੇਰੀ ਪਤਨੀ ਮੈਨੂੰ ਤੁਹਾਨੂੰ ਛੱਡਣ ਲਈ ਕਹੇਗੀ।" ਜਵਾਬ ਸਭ ਨੂੰ ਮਿਲ ਹੀ ਗਿਆ ਹੋਵੇਗਾ। ਜੋ ਬੀਜੋਗੇ, ਅੰਤ ਵਿਚ ਉਹ ਹੀ ਵੱਡੋਗੇ।

# ਪਿੰਡ ਸਿਹਤ ਸਹੂਲਤਾਂ ਤੋਂ ਵਾਂਝਾ

(ਡਾਕਟਰਾਂ ਦੀ ਘਾਟ ਕਾਰਨ ਪਿੰਡ ਵਾਸੀ ਬੋਗਸ ਡਾਕਟਰਾਂ ਦੀਆਂ ਸੇਵਾਵਾਂ ਲੈਣ ਲਈ ਮਜਬੂਰ)

-ਵਿਜੈ ਗਰਗ -

ਇਸ ਕਾਰਨ ਹਜ਼ਾਰਾਂ ਲੋਕ ਬੇਹਤਰ ਇਲਾਜ ਨਾ ਮਿਲਣ ਕਾਰਨ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਅੰਕੜੇ ਦੱਸਦੇ ਹਨ ਕਿ ਐਲੋਪੈਥੀ ਤੋਂ ਇਲਾਵਾ ਪਿੰਡਾਂ ਵਿੱਚ ਹੋਮਿਓਪੈਥੀ ਅਤੇ ਆਯੁਰਵੈਦਿਕ ਡਾਕਟਰਾਂ ਦੀ ਵੀ ਘਾਟ ਹੈ। ਪਿੰਡਾਂ ਵਿੱਚ ਸਿਹਤ ਸਹੂਲਤਾਂ ਅਤੇ ਡਾਕਟਰਾਂ ਦੀ ਘਾਟ ਕਾਰਨ ਹਰ ਰੋਜ਼ ਹਜ਼ਾਰਾਂ ਲੋਕ ਇਲਾਜ ਦੀ ਘਾਟ ਕਾਰਨ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਬਿਹਤਰ ਸਿਹਤ ਸਹੂਲਤਾਂ ਦੇਣ ਦੇ ਦਾਅਵਿਆਂ ਦੀ ਕੋਈ ਬੁਨਿਆਦ ਨਹੀਂ ਹੈਪਰ ਉਹ ਦਿਖਾਈ ਨਹੀਂ ਦੇ ਰਹੇ ਹਨ। ਹਾਂ, ਪਿਛਲੇ ਕੁਝ ਸਾਲਾਂ ਵਿੱਚ ਕੁਝ ਸੁਧਾਰ ਹੋਇਆ ਹੈ, ਪਰ ਤਸੱਲੀਬਖਸ਼ ਮੰਨਿਆ ਜਾ ਸਕਦਾ ਹੈ। ਵਰਨਣਯੋਗ ਹੈ ਕਿ ਅੱਜ ਵੀ ਦੇਸ਼ ਦੇ ਸੱਤ ਲੱਖ ਪਿੰਡਾਂ ਵਿੱਚ ਸਿਹਤ ਸਹੂਲਤਾਂ ਦੀ ਭਾਰੀ ਘਾਟ ਤੋਂ ਇਲਾਵਾ ਡਾਕਟਰਾਂ ਦੀ ਨਿਯੁਕਤੀ ਵੀ ਲੋੜ ਤੋਂ ਕਿਤੇ ਘੱਟ ਹੈ। ਤਾਮਿਲਨਾਡੂ ਹੀ ਅਜਿਹਾ ਰਾਜ ਹੈ ਜਿੱਥੇ ਪਿੰਡਾਂ ਵਿੱਚ ਸਿਹਤ ਸੇਵਾਵਾਂ ਨੂੰ ਤਸੱਲੀਬਖਸ਼ ਕਿਹਾ ਜਾ ਸਕਦਾ ਹੈ। ਰਾਜਾਂ ਨੇ ਕੁਝ ਸਾਲ ਪਹਿਲਾਂ ਪਿੰਡਾਂ ਵਿੱਚ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਖ਼ਤ ਕਾਨੂੰਨ ਬਣਾਏ ਸਨ, ਫਿਰ ਵੀ ਬਹੁਤੇ ਨਵੇਂ ਡਾਕਟਰ ਆਪਣੇ ਪਿੰਡਾਂ ਵਿੱਚ ਸੇਵਾ ਕਰਨ ਤੋਂ ਇਨਕਾਰ ਕਰਦੇ ਹਨ।, ਵਿਡੰਬਨਾ ਇਹ ਹੈ ਕਿ ਡਾਕਟਰ ਹਰ ਸਾਲ ਨੌਕਰੀ ਲਈ ਭਰੇ ਗਏ ਵਚਨ ਨੂੰ ਤੋੜਨ ਲਈ ਕਰੋੜਾਂ ਰੁਪਏ ਜੁਰਮਾਨਾ ਭਰਦੇ ਹਨ, ਪਰ ਪਿੰਡਾਂ ਵਿੱਚ ਸੇਵਾ ਦੇਣ ਤੋਂ ਇਨਕਾਰ ਕਰਦੇ ਹਨ। ਵਰਨਣਯੋਗ ਹੈ ਕਿ ਦੇਸ਼ ਦੇ ਸਿਰਫ਼ ਵੀਹ ਫ਼ੀਸਦੀ ਡਾਕਟਰ ਹੀ ਪੇਂਡੂ ਖੇਤਰਾਂ ਵਿੱਚ ਕੰਮ ਕਰ ਰਹੇ ਹਨ। ਇਸ ਕਾਰਨ ਪਿੰਡਾਂ ਵਿੱਚ ਡਾਕਟਰਾਂ ਦੀ ਉਪਲਬਧਤਾ ਨਾਮਾਤਰ ਹੀ ਰਹਿ ਗਈ ਹੈ। ਮੈਡੀਕਲ ਕੌਂਸਲ ਆਫ ਇੰਡੀਆ ਮੁਤਾਬਕ ਇਸ ਦਾ ਕਾਰਨ ਸਰਕਾਰ ਕੋਲ ਇਸ ਦਾ ਕੋਈ ਨਕਸ਼ਾ ਨਾ ਹੋਣਾ ਹੈ। ਦੂਜੇ ਪਾਸੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਡਾਕਟਰ ਪਿੰਡਾਂ ਵਿੱਚ ਨਹੀਂ ਜਾਣਾ ਚਾਹੁੰਦੇ ਕਿਉਂਕਿ ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਸੀ.ਐਚ.ਸੀ.ਸਹੂਲਤਾਂ ਉਪਲਬਧ ਨਹੀਂ ਹਨ। ਪਿੰਡਾਂ ਵਿੱਚ ਅਪਰੇਸ਼ਨ ਥੀਏਟਰਾਂ, ਐਨਸਥੀਸੀਆ ਡਾਕਟਰਾਂ, ਪੈਥੋਲੋਜਿਸਟ ਅਤੇ ਟੈਕਨੀਸ਼ੀਅਨਾਂ ਦੀ ਭਾਰੀ ਘਾਟ ਹੈ। ਇਸ ਤੋਂ ਇਲਾਵਾ ਪਿੰਡਾਂ ਵਿੱਚ ਸਿਹਤ ਕੇਂਦਰਾਂ ਵਿੱਚ ਤਾਇਨਾਤ ਡਾਕਟਰਾਂ ਲਈ ਰਿਹਾਇਸ਼ ਅਤੇ ਲੋੜੀਂਦੇ ਫਰਨੀਚਰ ਦੀ ਘਾਟ ਹੈ। ਰਾਜ ਸਰਕਾਰਾਂ ਡਾਕਟਰਾਂ ਦੀਆਂ ਜਥੇਬੰਦੀਆਂ ਵੱਲੋਂ ਡਾਕਟਰਾਂ ਦੇ ਪਿੰਡਾਂ ਵਿੱਚ ਨਾ ਜਾਣ ਦੇ ਕਾਰਨਾਂ ਵੱਲ ਧਿਆਨ ਨਹੀਂ ਦਿੰਦੀਆਂ। ਡਾਕਟਰ ਜਥੇਬੰਦੀਆਂ ਦਾ ਕਹਿਣਾ ਹੈ ਕਿ ਪਿੰਡਾਂ ਵਿੱਚ ਬਿਹਤਰ ਸਿਹਤ ਸੇਵਾਵਾਂ ਦੀ ਘਾਟ ਲਈ ਉਹ ਜ਼ੰਮਿਵਾਰ ਨਹੀਂ ਹਨ, ਸਗੋਂ ਸਰਕਾਰ ਦੀਆਂ ਨੀਤੀਆਂ ਹੀ ਅਜਿਹੀਆਂ ਹਨ। ਡਾਕਟਰ ਪਿੰਡਾਂ ਵਿੱਚ ਆਪਣੀਆਂ ਸੇਵਾਵਾਂ ਦੇਣ ਲਈ ਤਿਆਰ ਨਹੀਂ ਹਨ। ਧਿਆਨ ਯੋਗ ਹੈ ਕਿ ਡਾਕਟਰਾਂ ਦੀਆਂ ਜਥੇਬੰਦੀਆਂ ਸਰਕਾਰੀ ਨੀਤੀਆਂ ਦੇ ਵਿਰੋਧ ਵਿੱਚ ਸੜਕਾਂ 'ਤੇ ਉਤਰਦੀਆਂ ਨਜ਼ਰ ਆ ਰਹੀਆਂ ਹਨ ਪਰ ਸੂਬਾ ਸਰਕਾਰਾਂ ਅਜਿਹਾ ਕੋਈ ਵੀ ਫੈਸਲਾ ਲੈਣ ਤੋਂ ਅਸਮਰਥ ਹਨ, ਜਿਸ ਨਾਲ ਪਿੰਡਾਂ ਵਿੱਚ ਸਿਹਤ ਸਹੂਲਤਾਂ ਅਤੇ ਡਾਕਟਰਾਂ ਦੀ ਭਾਰੀ ਘਾਟ ਨੂੰ ਦੂਰ ਕੀਤਾ ਜਾ ਸਕੇ। ਚੀਨ ਦੇ ਮੁਕਾਬਲੇ ਭਾਰਤ ਵਿੱਚ ਪੇਂਡੂ ਖੇਤਰਾਂ ਵਿੱਚ ਪ੍ਰਤੀ 3,100 ਮਰੀਜ਼ਾਂ ਲਈ ਸਿਰਫ਼ ਇੱਕ ਬੈੱਡ ਹੈ। ਬਿਹਾਰ ਵਿੱਚ 18,000 ਪਿੰਡਾਂ ਦੇ ਲੋਕਾਂ ਲਈ ਇੱਕ ਬੈੱਡ, ਉੱਤਰ ਪ੍ਰਦੇਸ਼ ਵਿੱਚ 3,900 ਮਰੀਜ਼ਾਂ ਲਈ ਇੱਕ ਬੈੱਡ ਹੈ। ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿੱਚ ਵੀਹਇੱਥੇ ਪ੍ਰਤੀ 1000 ਆਬਾਦੀ ਪਿੱਛੇ ਇੱਕ ਐਲੋਪੈਥਿਕ ਡਾਕਟਰ ਹੈ, ਜਦੋਂ ਕਿ ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਹਰ 1000 ਲੋਕਾਂ ਲਈ ਇੱਕ ਡਾਕਟਰ ਹੋਣਾ ਚਾਹੀਦਾ ਹੈ। ਦਸ ਹਜ਼ਾਰ ਦੀ ਆਬਾਦੀ ਵਾਲੇ ਭਾਰਤ ਵਿੱਚ ਸੱਤ ਡਾਕਟਰ ਹਨ। ਮੈਡੀਕਲ ਕੌਂਸਲ ਆਫ਼ ਇੰਡੀਆ (ਐਮਸੀਆਈ) ਕੋਲ ਰਜਿਸਟਰਡ ਐਲੋਪੈਥਿਕ ਡਾਕਟਰਾਂ ਦੀ ਕੁੱਲ ਗਿਣਤੀ ਇੱਕ ਕਰੋੜ ਦੇ ਕਰੀਬ ਹੈ। ਰਾਜਾਂ ਵਿੱਚੋਂ ਡਾਕਟਰਾਂ ਦੀ ਉਪਲਬਧਤਾ ਦੇ ਮਾਮਲੇ ਵਿੱਚ ਪੱਛਮੀ ਬੰਗਾਲ ਸਭ ਤੋਂ ਮਾੜਾ ਹੈ। ਨੈਸ਼ਨਲ ਹੈਲਥ ਪ੍ਰੋਫਾਈਲ ਦੇ ਅਨੁਸਾਰ, ਪੱਛਮੀ ਬੰਗਾਲ ਦੇ ਪੇਂਡੂ ਖੇਤਰਾਂ ਵਿੱਚ ਸਿਰਫ 900 ਡਾਕਟਰ ਹਨ। ਆਬਾਦੀ ਦੇ ਹਿਸਾਬ ਨਾਲ ਸੱਤਰ ਹਜ਼ਾਰ ਲੋਕਾਂ ਪਿੱਛੇ ਇੱਕ ਡਾਕਟਰਆਰ ਹੈ ਬਿਹਾਰ ਅਤੇ ਝਾਰਖੰਡ ਵਿੱਚ ਪ੍ਰਤੀ 50,000 ਆਬਾਦੀ ਵਿੱਚ ਸਿਰਫ਼ ਇੱਕ ਡਾਕਟਰ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਪੇਂਡੂ ਸਿਹਤ ਸੇਵਾਵਾਂ ਦੀ ਨੀਂਹ ਮੁੱਢਲੀਆਂ ਸਿਹਤ ਸੇਵਾਵਾਂ 'ਤੇ ਟਿਕੀ ਹੋਈ ਹੈ, ਪਰ ਇਹ ਬੁਨਿਆਦ ਆਪਣੇ ਆਪ ਵਿਚ ਬਹੁਤ ਕਮਜ਼ੋਰ ਹੈ। ਅੱਜ ਦੇਸ਼ ਵਿੱਚ ਸਿਰਫ਼ ਸੱਤ ਲੱਖ ਐਮਬੀਬੀਐਸ ਡਾਕਟਰ ਸੇਵਾ ਪ੍ਰਦਾਨ ਕਰਨ ਲਈ ਉਪਲਬਧ ਹਨ। ਅਜਿਹੇ 'ਚ ਪੰਜ ਲੱਖ ਡਾਕਟਰਾਂ ਅਤੇ ਪੰਜ ਲੱਖ ਮਾਹਿਰਾਂ ਦੀ ਕਮੀ ਨੂੰ ਕਿਵੇਂ ਪੂਰਾ ਕੀਤਾ ਜਾਵੇ, ਇਹ ਵੱਡਾ ਸਵਾਲ ਹੈ। ਇਸ ਕਮੀ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਨੇ ਕੁਝ ਕਦਮ ਚੁੱਕੇ ਹਨ। ਇਸ ਵਿੱਚ ਕੇਂਦਰੀ ਸਿਹਤ ਮੰਤਰਾਲੇ ਦੀ 'ਈ-ਸੰਜੀਵਨੀ ਦਵਾਈ' ਸੇਵਾ ਨੇ ਤਿੰਨ ਕਰੋੜ ਟੈਲੀਮੈਡੀਸਨ ਸੇਵਾਵਾਂ ਪ੍ਰਦਾਨ ਕੀਤੀਆਂ ਹਨ।ਨੇ ਸਲਾਹ-ਮਸ਼ਵਰੇ ਨੰ. ਇਸ ਨਾਲ 'ਈ-ਸੰਜੀਵਨੀ ਟੈਲੀਮੈਡੀਸਨ' ਨੇ ਇਕ ਦਿਨ 'ਚ 1.7 ਲੱਖ ਸਲਾਹਕਾਰ ਦਾ ਨਵਾਂ ਰਿਕਾਰਡ ਕਾਇਮ ਕੀਤਾ ਹੈ। ਸਿਹਤ ਮੰਤਰਾਲੇ ਨੇ ਕੋਰੋਨਾ ਦੇ ਸਮੇਂ ਹਰ ਪਿੰਡ ਵਿੱਚ ਇਲਾਜ ਲਈ ਮੋਬਾਈਲ ਡਿਸਪੈਂਸਰੀ ਵੈਨ ਉਪਲਬਧ ਕਰਵਾਈ। ਇਸ ਨਾਲ ਦੇਸ਼ ਦੇ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਇਆ। ਆਯੁਸ਼ਮਾਨ ਭਾਰਤ ਯੋਜਨਾ ਨੇ ਬਹੁਤ ਗਰੀਬ ਲੋਕਾਂ ਦੀ ਚਿੰਤਾ ਨੂੰ ਕੁਝ ਹੱਦ ਤੱਕ ਦੂਰ ਕੀਤਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਸਿਹਤ ਸੇਵਾਵਾਂ ਅਤੇ ਡਾਕਟਰਾਂ ਦੀ ਘਾਟ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਦੂਰ ਕਰ ਸਕਦਾ ਹੈ? ਡਾਕਟਰਾਂ ਦੀ ਘਾਟ ਕਾਰਨ ਪਿੰਡ ਵਾਸੀਉਹ ਕੁਆਰਕ ਡਾਕਟਰਾਂ ਦੀਆਂ ਸੇਵਾਵਾਂ ਲੈਣ ਲਈ ਮਜਬੂਰ ਹਨ। ਇਸ ਕਾਰਨ ਹਜ਼ਾਰਾਂ ਲੋਕ ਬੇਹਤਰ ਇਲਾਜ ਨਾ ਮਿਲਣ ਕਾਰਨ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਅੰਕੜੇ ਦੱਸਦੇ ਹਨ ਕਿ ਐਲੋਪੈਥੀ ਤੋਂ ਇਲਾਵਾ ਪਿੰਡਾਂ ਵਿੱਚ ਹੋਮਿਓਪੈਥੀ ਅਤੇ ਆਯੁਰਵੈਦਿਕ ਡਾਕਟਰਾਂ ਦੀ ਵੀ ਘਾਟ ਹੈ। ਕੇਂਦਰ ਸਰਕਾਰ ਆਯੁਰਵੇਦ ਅਤੇ ਯੋਗ ਦੇ ਪ੍ਰਚਾਰ ਲਈ ਹਰ ਸਾਲ ਕਰੋੜਾਂ ਰੁਪਏ ਦਿੰਦੀ ਹੈ। ਪਰ ਸੇਵਾਵਾਂ ਦੇਣ ਲਈ ਯੋਗ ਡਾਕਟਰਾਂ ਦੀ ਘਾਟ ਹੈ। ਇਸ ਲਈ ਐਮਬੀਬੀਐਸ ਤੋਂ ਇਲਾਵਾ ਵੱਡੀ ਪੱਧਰ 'ਤੇ ਬੀਐਮਐਸ ਅਤੇ ਆਯੁਰਵੈਦਿਕ ਡਾਕਟਰਾਂ ਦੀ ਭਰਤੀ ਕਰਨ ਦੀ ਲੋੜ ਹੈ। ਪਿੰਡ ਪੱਧਰ 'ਤੇ ਹੋਮਿਓਪੈਥੀ ਅਤੇ ਆਯੁਰਵੈਦਿਕ ਸਿਹਤਜੇਕਰ ਕੇਂਦਰਾਂ ਦੀ ਘਾਟ ਸਬੰਧੀ ਜਲਦੀ ਕਦਮ ਚੁੱਕੇ ਜਾਣ ਤਾਂ ਪਿੰਡਾਂ ਵਿੱਚ ਡਾਕਟਰਾਂ ਦੀ ਘਾਟ ਦੇ ਬਾਵਜੂਦ ਲੋਕਾਂ ਨੂੰ ਬਚਾਇਆ ਜਾ ਸਕਦਾ ਹੈ। ਦੇਸ਼ ਵਿੱਚ ਐਮਬੀਬੀਐਸ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਮਾਹਿਰਾਂ ਦੇ ਕੁਝ ਸੁਝਾਅ ਇਹ ਹਨ। ਇਨ੍ਹਾਂ ਵਿੱਚ 'ਫੈਮਿਲੀ ਮੈਡੀਸਨ', 'ਡਿਪਲੋਮਾ ਇਨ ਜਨਰਲ ਮੈਡੀਸਨ' ਅਤੇ ਗ੍ਰਾਮੀਣ ਸਿਹਤ ਸੰਭਾਲ ਵਿੱਚ ਗ੍ਰੈਜੂਏਸ਼ਨ ਸ਼ਾਮਲ ਹਨ। ਇਨ੍ਹਾਂ ਤਿੰਨਾਂ ਸੁਝਾਵਾਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧ ਕੇ ਪਿੰਡਾਂ ਵਿੱਚ ਡਾਕਟਰਾਂ ਦੀ ਘਾਟ ਨੂੰ ਵੱਡੇ ਪੱਧਰ 'ਤੇ ਦੂਰ ਕੀਤਾ ਜਾ ਸਕਦਾ ਹੈ। ਪਰ ਜੇਕਰ ਡਾਕਟਰਾਂ ਨੂੰ ਬਿਹਤਰ ਤਨਖ਼ਾਹ ਅਤੇ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਉਹ ਆਪਣੀ ਪੜ੍ਹਾਈ ਪੂਰੀ ਕਰਕੇ ਛੱਡ ਦੇਣਗੇ।ਸੌਣ ਜਾਣ ਵਾਲੇ ਡਾਕਟਰਾਂ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਕੇਂਦਰੀ ਸਿਹਤ ਮੰਤਰਾਲਾ ਸਾਲਾਂ ਤੋਂ ਪਿੰਡਾਂ ਵਿੱਚ ਸਿਹਤ ਸੇਵਾਵਾਂ ਦੀ ਘਾਟ ਦੀ ਸਮੱਸਿਆ ਦੇ ਹੱਲ ਲਈ ਸਾਰਥਿਕ ਕਦਮ ਚੁੱਕਣ ਦੀ ਗੱਲ ਕਰਦਾ ਆ ਰਿਹਾ ਹੈ। ਇਹ ਫਾਰਮੂਲਾ ਹੈ, ਪੰਜ ਸਾਲ ਦੀ ਐੱਮ.ਬੀ.ਬੀ.ਐੱਸ. ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਇਕ ਸਾਲ ਦਾ ਸਪੈਸ਼ਲਾਈਜ਼ੇਸ਼ਨ ਕੋਰਸ ਕਰਵ-ਾਇਆ ਜਾਵੇ, ਤਾਂ ਜੋ ਪੇਂਡੂ ਖੇਤਰਾਂ ਵਿਚ ਤਾਇਨਾਤ ਹੋਣ 'ਤੇ ਅਜਿਹੇ ਡਾਕਟਰ ਬਿਨਾਂ ਕਿਸੇ ਝਿਜਕ ਦੇ ਪੇਂਡੂ ਖੇਤਰਾਂ ਵਿਚ ਆਪਣੀਆਂ ਬਿਹਤਰ ਸੇਵਾਵਾਂ ਪ੍ਰਦਾਨ ਕਰ ਸਕਣ, ਪਰ ਅਜਿਹਾ ਹੁੰਦਾ ਹੈ। ਕੋਈ ਫ਼ਰਕ ਨਹੀਂ ਪੈਂਦਾ। ਫਿਰ ਕੇਂਦਰ ਸਰਕਾਰ ਇਕ ਹੋਰ ਫਾਰਮੂਲਾ ਲੈ ਕੇ ਆਈਤਿਆਰ ਇਸ ਤਹਿਤ ਐਮਬੀਬੀਐਸ ਡਿਗਰੀ ਵਾਲੇ ਡਾਕਟਰਾਂ ਨੂੰ ਮਾਸਟਰਜ਼ ਯਾਨੀ ਐਮਐਸ ਜਾਂ ਐਮਡੀ ਵਿੱਚ ਦਾਖ਼ਲਾ ਉਦੋਂ ਹੀ ਮਿਲੇਗਾ ਜਦੋਂ ਉਹ ਪਿੰਡਾਂ ਵਿੱਚ ਤਾਇਨਾਤੀ ਦੀ ਲਾਜ਼ਮੀ ਮਿਆਦ ਲਈ ਹਲਫ਼ਨਾਮਾ ਲਿਖਣਗੇ। ਸਰਕਾਰ ਨੇ ਇਸ ਵਿੱਚ ਇੱਕ ਗੱਲ ਹੋਰ ਜੋੜ ਦਿੱਤੀ ਹੈ ਕਿ ਜਿਹੜੇ ਐੱਮ.ਬੀ.ਬੀ.ਐੱਸ. ਦੀ ਡਿਗਰੀ ਵਾਲੇ ਵਿਦਿਆਰਥੀ ਹਲਫਨਾਮਾ ਦੇਣਗੇ, ਭਾਵੇਂ ਉਨ੍ਹਾਂ ਦੇ ਅੰਕ ਘੱਟ ਹੋਣਗੇ, ਉਨ੍ਹਾਂ ਨੂੰ ਐੱਮਐੱਸ ਜਾਂ ਐੱਮਡੀ ਵਿੱਚ ਦਾਖਲਾ ਦਿੱਤਾ ਜਾਵੇਗਾ। ਪਰ ਕੇਂਦਰ ਸਰਕਾਰ ਦੇ ਇਸ ਲੁਭਾਉਣੇ ਫਾਰਮੂਲੇ ਤੋਂ ਬਾਅਦ ਵੀ ਪਿੰਡਾਂ ਵਿੱਚ ਸੇਵਾਵਾਂ ਦੇਣ ਵਾਲੇ ਡਾਕਟਰਾਂ ਵਿੱਚ ਕੋਈ ਖਾਸ ਦਿਲਚਸਪੀ ਦਿਖਾਈ ਨਹੀਂ ਦੇ ਰਹੀ। ਇਸ ਲਈ ਹੁਣ ਸਵਾਲ ਉੱਠਦਾ ਹੈ ਕਿ ਕੀਸਾਰੀਆਂ ਕਵਾਇਦਾਂ ਦੇ ਬਾਵਜੂਦ ਜਦੋਂ ਐੱਮ.ਬੀ.ਬੀ.ਐੱਸ. ਡਾਕਟਰ ਪਿੰਡਾਂ 'ਚ ਸੇਵਾ ਕਰਨ ਦੇ ਚਾਹਵਾਨ ਨਹੀਂ ਹਨ, ਤਾਂ ਹੁਣ ਕਿਹੜਾ ਫਾਰਮੂਲਾ ਅਪਣਾਇਆ ਜਾਵੇਗਾ, ਤਾਂ ਜੋ ਪੇਂਡੂ ਖੇਤਰਾਂ 'ਚ ਮਾੜੀ ਸਿਹਤ ਸੇਵਾਵਾਂ ਨੂੰ ਸੁਧਾਰਿਆ ਜਾ ਸਕੇ? ਕੇਂਦਰ ਸਰਕਾਰ 'ਫੈਮਿਲੀ ਮੈਡੀਸਨ' ਕੋਰਸ ਰਾਹੀਂ ਪਿੰਡਾਂ ਵਿੱਚ ਡਾਕਟਰਾਂ ਦੀ ਘਾਟ ਨੂੰ ਦੂਰ ਕਰਨ ਵਿੱਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਕਹਿਣਾ ਮੁਸ਼ਕਿਲ ਹੈ। ਪਰ ਜੇਕਰ ਇਹ ਫਾਰਮੂਲਾ ਕਾਰਗਰ ਹੋ ਜਾਵੇ ਤਾਂ ਪਿੰਡਾਂ ਦੀਆਂ ਸਿਹਤ ਸੇਵਾਵਾਂ ਵਿੱਚ ਡਾਕਟਰਾਂ ਦੀ ਕਮੀ ਨੂੰ ਕਾਫੀ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਹੈ। ਪਰ ਇਨ੍ਹਾਂ ਸਾਰੇ ਫਾਰਮੂਲਿਆਂ ਦੇ ਨਾਲ ਵੀ ਜੇਜੇਕਰ ਪਿੰਡਾਂ ਦੀਆਂ ਸਿਹਤ ਸੇਵਾਵਾਂ ਨਾ ਸੁਧਰੀਆਂ ਤਾਂ ਕੀ ਕੀਤਾ ਜਾਵੇਗਾ?

# ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਯਾਦ ਕਰਦਿਆਂ

ਮਾਂਵਾਂ ਦੀਆਂ ਗੋਦੀਆਂ ਵਿੱਚ ਦੁੱਧ ਚੁੰਘਦੇ ਬੱਚਿਆਂ ਤੋਂ ਲੈਕੇ ਸੱਤਰਵਿਆਂ ਨੂੰ ਪਾਰ ਕਰ ਗਏ ਬਾਬਿਆਂ ਦੀਆਂ ਸ਼ਹਾਦਤਾਂ ਸਾਡੀ ਸਿੱਖ ਕੌਮ ਦਾ ਮਾਣ ਹਨ। ਇਤਿਹਾਸ ਦੇ ਹਰ ਪੰਨੇ 'ਤੇ ਹਰ ਦਿਨ ਸ਼ਹਾਦਤਾਂ ਆਪਣੀ ਗਵਾਹੀ ਦਿੰਦੀਆਂ ਹਨ। ਹੱਕ-ਸੱਚ ਨਾਲ਼ ਖੜ੍ਹਨ ਦਾ ਇਹ ਜਜ਼ਬਾ ਕਦੇ ਮਾਂਵਾਂ ਦੀਆਂ ਝੋਲੀਆਂ 'ਚ ਤੇ ਕਦੇ ਮਾਂਵਾਂ ਦੇ ਗਲਾਂ 'ਚ ਬੱਚਿਆਂ ਦੇ ਟੋਟਿਆਂ ਦਾ ਹਾਰ ਬਣਕੇ, ਕਦੇ ਨੀਹਾਂ 'ਚ, ਕਦੇ ਚਰਖੜੀਆਂ 'ਤੇ, ਕਦੇ ਦੇਗਾਂ ਚ ਉਬਾਲਿਆਂ ਦੇ ਰੂਪ ਵਿੱਚ ਤੇ ਕਦੇ ਜੰਗ ਦੇ ਮੈਦਾਨ 'ਚ ਬਿਨਾਂ ਸ਼ੀਸ਼ ਤੋਂ ਲੜਦਾ ਅਨੋਖੀਆਂ ਸ਼ਹਾਦਤਾਂ ਵਿੱਚ ਨਜ਼ਰ ਆਉਂਦਾ ਹੈ।

ਪਿੰਡ ਪਹੂਵਿੰਡ, ਤਹਿਸੀਲ ਪੱਟੀ ਜ਼ਿਲ੍ਹਾ ਲਾਹੌਰ (ਬਾਅਦ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਹੁਣ ਤਰਨਤਾਰਨ) ਵਿਖੇ ਸਿਮਰਨ ਅਤੇ ਕਿਰਤ ਕਰਨ ਵਾਲੇ ਪਰਿਵਾਰ ਵਿੱਚ ਭਾਈ ਭਗਤਾ ਜੀ ਘਰ 26 ਜਨਵਰੀ 1682 (14 ਮਾਘ 1739 ਬਿਕ੍ਰਮੀ) ਨੂੰ ਅੰਮ੍ਰਿਤ ਵੇਲ਼ੇ ਬੀਬੀ ਜਿਊਣੀ ਜੀ ਦੀ ਪਵਿੱਤਰ ਕੁੱਖੋਂ ਇੱਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਂ ਦੀਪ ਰੱਖਿਆ ਗਿਆ। ਇਹੀ ਬਾਲਕ ਸਿੱਖ ਇਤਿਹਾਸ ਵਿੱਚ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਕਰਕੇ ਜਾਣਿਆ ਜਾਂਦਾ ਹੈ।

1699 ਵਿੱਚ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਦੀ ਸਾਜਣਾ ਮੌਕੇ ਅੰਮ੍ਰਿਤ ਸੰਚਾਰ ਬਾਰੇ ਆਪ ਜੀ ਨੂੰ ਇੱਕ ਮਸੰਦ ਤੋਂ ਪਤਾ ਲੱਗਾ। ਆਪ ਆਪਣੇ ਪਰਿਵਾਰ ਸਮੇਤ ਗੁਰੂ ਸਾਹਿਬ ਕੋਲ ਜਾ ਪਹੁੰਚੇ ਇੱਥੇ ਆਪ ਜੀ ਨੇ ਅੰਮ੍ਰਿਤ ਛਕਿਆ। ਖ਼ਾਲਸਾਈ ਸਿਧਾਂਤਾਂ ਮੁਤਾਬਿਕ ਆਪ ਜੀ ਦਾ ਦੀਪ ਸਿੰਘ ਰੱਖਿਆ ਗਿਆ। ਸਤਿਕਾਰ ਵਜੋਂ ਗੁਰੂ ਸਾਹਿਬ ਆਪ ਜੀ ਨੂੰ ਭਾਈ ਦੀਪ ਸਿੰਘ ਆਖਕੇ ਬੁਲਾਉਂਦੇ ਸੀ। ਆਪ ਜੀ ਨਾਂ ਨਾਲ ਬਾਬਾ ਸ਼ਬਦ ਕਾਫੀ ਸਮਾਂ ਬਾਅਦ ਵਿੱਚ ਲੱਗਾ। ਅੰਮ੍ਰਿਤ ਛੱਕ ਕੇ ਗੁਰੂ ਸਾਹਿਬ ਦੀ ਸੰਗਤ ਵਿੱਚ ਸੇਵਾ ਕਰਦਿਆਂ ਕੁਝ ਦਿਨਾਂ ਬਾਅਦ ਭਾਈ ਦੀਪ ਸਿੰਘ ਦੇ ਮਾਤਾ-ਪਿਤਾ ਨੇ ਜਦ ਗੁਰੂ ਜੀ ਤੋਂ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਗੁਰੂ ਸਾਹਿਬ ਨੇ ਭਾਈ ਦੀਪ ਸਿੰਘ ਨੂੰ ਆਪਣੇ ਕੋਲ਼ ਹੀ ਰੱਖ ਲਿਆ। ਭਾਈ ਸਾਹਿਬ ਦੀ ਅਰਬੀ, ਫ਼ਾਰਸੀ ਤੇ ਗੁਰਮੁਖੀ ਲਿਪੀ ਵਿੱਚ ਨਿਪੁੰਨਤਾ ਲਈ ਗੁਰੂ ਜੀ ਨੇ ਪੜ੍ਹਾਈ ਦਾ ਪ੍ਰਬੰਧ ਵੀ ਕਰ ਦਿੱਤਾ। ਇਸ ਦੌਰਾਨ ਭਾਈ ਸਾਹਿਬ ਨੇ ਸ਼ਾਸਤਰ ਵਿਦਿਆ ਵਿੱਚ ਵੀ ਚੰਗੀ ਮੁਹਾਰਤ ਹਾਸਲ ਕਰ ਲਈ।

ਇਸ ਤਰ੍ਹਾਂ ਆਪ 1700 ਈ ਤੋਂ 20 ਦਸੰਬਰ 1704 ਈ ਤੱਕ ਗੁਰੂ ਸਾਹਿਬ ਜੀ ਪਾਸ ਹੀ ਰਹੇ। ਆਨੰਦਪੁਰ ਸਾਹਿਬ ਦੀਆਂ ਲੜਾਈਆਂ ਵਿੱਚ ਆਪ ਜੀ ਨੇ ਆਪਣੀ ਸੂਰਬੀਰਤਾ ਦਿਖਾਈ।

ਜਦੋਂ ਗੁਰੂ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਆਪਣੇ ਮਹਿਲਾਂ ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਕੌਰ ਜੀ ਦੀ ਸੇਵਾ ਸੰਭਾਲ ਤੇ ਨਿਗਰਾਨੀ ਲਈ ਭਾਈ ਮਨੀ ਸਿੰਘ,ਭਾਈ ਦੀਪ ਸਿੰਘ, ਭਾਈ ਧੰਨਾ ਸਿੰਘ ਨਾਲ਼ ਭਾਈ ਜਵਾਹਰ ਸਿੰਘ ਜੀ ਨੂੰ ਮੁਖੀ ਬਣਾ ਕੇ ਦੋ ਸੇਵਾਦਾਰਨੀਆਂ ਦੇਕੇ ਦਿੱਲੀ ਤੋਰਿਆ। ਇੱਥੇ ਕੁੱਝ ਸਮਾਂ ਰਹਿਕੇ ਆਪ ਆਪਣੇ ਪਿੰਡ ਪਹੂਵਿੰਡ ਵਾਪਸ ਆ ਗਏ ਸੀ।

ਚਮਕੌਰ ਸਾਹਿਬ ਦੀ ਲੜਾਈ ਤੋਂ ਬਾਅਦ ਤਲਵੰਡੀ ਸਾਬੋ ਪਹੁੰਚਣ ਤੋਂ ਬਾਅਦ ਗੁਰੂ ਸਾਹਿਬ ਨੇ ਮਨ ਬਣਾਇਆ ਕਿ ਆਦਿ ਬੀੜ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰਕੇ ਮੁਕੰਮਲ ਕੀਤਾ ਜਾਵੇ। ਇਸ ਲਈ ਭਾਈ ਮਨੀ ਸਿੰਘ ਵੀ ਗੁਰੂ ਜੀ ਪਾਸ ਪਹੁੰਚ ਗਏ। ਭਾਈ ਮਨੀ ਸਿੰਘ ਇਸ ਕਾਰਜ ਵਿੱਚ ਸਹਿਯੋਗ ਲਈ ਭਾਈ ਦੀਪ ਸਿੰਘ ਨੂੰ ਸੱਦਣ ਦੀ ਗੁਰੂ ਜੀ ਅੱਗੇ ਬੇਨਤੀ ਕੀਤੀ ਤੇ ਗੁਰੂ ਜੀ ਨੇ ਇਹ ਬੇਨਤੀ ਪ੍ਰਵਾਨ ਵੀ ਕਰ ਲਈ।

ਸੱਦਾ ਦੇਕੇ ਭਾਈ ਸਾਹਿਬ ਨੂੰ ਪਹੂਵਿੰਡ ਤੋਂ ਬੁਲਾ ਲਿਆਂਦਾ ਗਿਆ। ਬੀੜ ਲਿਖਣ ਵੇਲ਼ੇ ਭਾਈ ਮਨੀ ਸਿੰਘ ਦੇ ਨਾਲ਼ ਭਾਈ ਦੀਪ ਸਿੰਘ ਨੇ ਕਲਮਾਂ, ਕਾਗ਼ਜ਼ ਤੇ ਸਿਆਹੀ ਦੇ ਪ੍ਰਬੰਧ ਦੀ ਵਿਸ਼ੇਸ਼ ਸੇਵਾ ਨਿਭਾਈ। ਇਸ ਤਰ੍ਹਾਂ 9 ਮਹੀਨੇ 9 ਦਿਨ 9 ਘੜੀਆਂ ਵਿੱਚ ਇਹ ਬੀੜ ਸੰਪੂਰਨ ਹੋਈ। ਜਿਸ ਨੂੰ ਕਿ ਦਮਦਮੀ ਵਾਲ਼ੀ ਬੀੜ ਕਰਕੇ ਜਾਣਿਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਜਾਣ ਸਮੇਂ ਭਾਈ ਦੀਪ ਸਿੰਘ ਨੂੰ ਕੁਝ ਜ਼ੁੰਮੇਵਾਰੀਆਂ ਤੇ ਸੇਵਾਵਾਂ ਦੇਕੇ ਗਏ। ਜਿਸ ਵਿੱਚ ਦਮਦਮਾ ਸਾਹਿਬ ਵਿਖੇ ਪੜ੍ਹਾਉਣ ਦੀ ਜ਼ੁੰਮੇਵਾਰੀ ਵੱਡੀ ਸੀ ਭਾਈ ਦੀਪ ਸਿੰਘ ਦੀ ਵਿੱਦਿਆ ਪ੍ਰਣਾਲੀ ਦੀ ਟਕਸਾਲ ਬਹੁਤ ਪ੍ਰਫੁੱਲਤ ਹੋਈ। ਇਸ ਟਕਸਾਲ ਦੀਆਂ 3 ਸ਼ਾਖਾਵਾਂ ਅੱਜ ਵੀ ਚੱਲ ਰਹੀਆਂ ਹਨ। ਦੂਜੀ ਵੱਡੀ ਜ਼ੁੰਮੇਵਾਰੀ ਦਮਦਮੀ ਬੀੜ ਦੇ ਉਤਾਰੇ ਦੀ ਸੀ। ਆਪ ਜੀ ਨੇ 1706 ਵਿੱਚ ਇਹ ਸੇਵਾ ਆਰੰਭ ਕੀਤੀ, ਆਪਣੇ ਹੱਥਾਂ ਨਾ਼ਲ ਲਿਖਕੇ ਪੰਥ ਦੇ ਪ੍ਰਸਿੱਧ ਚਾਰ ਤਖ਼ਤ ਸਾਹਿਬਾਨ ਸ੍ਰੀ ਆਕਾਲ ਤਖ਼ਤ



ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਵਿਖੇ ਭੇਜੀਆਂ।

ਭਾਈ ਦੀਪ ਸਿੰਘ ਪੰਥ ਦੇ ਪਹਿਲੇ ਅਜਿਹੇ ਵਿਦਵਾਨ ਤੇ ਲਿਖਾਰੀ ਸਨ ਜਿੰਨ੍ਹਾਂ ਨੇ ਅਰਬੀ ਜ਼ੁਬਾਨ ਵਿੱਚ ਆਪਣੇ ਹੱਥੀਂ ਇੱਕ ਬੀੜ ਲਿਖ ਕੇ ਅਰਬ ਦੇਸ਼ ਵਿੱਚ ਭੇਜੀ ਸੀ।

ਸੰਨ 1707 ਵਿੱਚ ਜਦ ਮਾਧੋ ਦਾਸ ਬੈਰਾਗੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਦੇਕੇ ਬੰਦਾ ਸਿੰਘ ਬਹਾਦਰ ਬਣਾਕੇ ਪੰਜਾਬ ਵੱਲ ਤੋਰਿਆ ਤਾਂ ਨਾ਼ਲ ਹੀ ਸਿੰਘਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਉਹ ਬੰਦਾ ਸਿੰਘ ਬਹਾਦਰ ਦਾ ਸਹਿਯੋਗ ਦੇਣ। ਇਹ ਹੁਕਮਨਾਮਾ ਭਾਈ ਦੀਪ ਸਿੰਘ ਜੀ ਪਾਸ ਵੀ ਪੁੱਜਾ। 1709 ਵਿੱਚ, ਭਾਈ ਦੀਪ ਸਿੰਘ ਜੀ ਬੰਦਾ ਸਿੰਘ ਬਹਾਦਰ ਨਾਲ ਸਢੌਰੇ ਦੀ ਲੜਾਈ ਅਤੇ ਚੱਪੜਚਿੜੀ ਦੀ ਲੜਾਈ ਦੌਰਾਨ ਸ਼ਾਮਲ ਹੋਏ।

ਭਾਈ ਦੀਪ ਸਿੰਘ ਦੀ ਬਹਾਦਰੀ ਦੀ ਪ੍ਰਸੰਸਾ ਕਰਦਿਆਂ ਬੰਦਾ ਸਿੰਘ ਬਹਾਦਰ ਜੀ ਨੇ ਜ਼ਿੰਦਾ ਸ਼ਹੀਦ ਦਾ ਖਿਤਾਬ ਦਿੱਤਾ। ਇਸ ਖਿਤਾਬ ਤੋਂ ਹੀ ਸ਼ਹੀਦ ਮਿਸਲ ਦਾ ਜਨਮ ਹੋਇਆ। ਆਪ ਜੀ ਸ਼ਹੀਦ ਮਿਸਲ ਦੇ ਪਹਿਲੇ ਜਥੇਦਾਰ ਬਣੇ। ਦਮਦਮੀ ਟਕਸਾਲ ਵੀ ਆਪ ਜੀ ਤੋਂ ਹੀ ਆਰੰਭ ਹੋਈ। ਆਪ ਜੀ ਹੀ ਇਸ ਟਕਸਾਲ ਦੇ ਪਹਿਲੇ ਮੁਖੀ ਬਣੇ।

1733 ਵਿੱਚ, ਨਵਾਬ ਕਪੂਰ ਸਿੰਘ ਨੇ ਉਹਨਾਂ ਨੂੰ ਇਕ ਹਥਿਆਰਬੰਦ ਟੁਕੜੀ ਦਾ ਮੁਖੀ ਨਿਯੁਕਤ ਕੀਤਾ।

1748 ਦੀ ਵਿਸਾਖੀ ਨੂੰ, ਅੰਮ੍ਰਿਤਸਰ ਵਿੱਚ ਸਰਬੱਤ ਖ਼ਾਲਸੇ ਮੌਕੇ ਜਦ ਦਲ ਖਾਲਸੇ ਦੇ ਜਥਿਆਂ ਨੂੰ ਬਾਰ੍ਹਾਂ ਮਿਸਲਾਂ ਵਿੱਚ ਮੁੜ ਸੰਗਠਿਤ ਕੀਤਾ ਤਾਂ ਭਾਈ ਦੀਪ ਸਿੰਘ ਜੀ ਨੂੰ ਸ਼ਹੀਦ ਮਿਸਲ ਦੀ ਅਗਵਾਈ ਸੌਂਪੀ ਗਈ।

ਜਦੋਂ ਅਹਿਮਦ ਸ਼ਾਹ ਅਬਦਾਲੀ ਭਾਰਤ 'ਤੇ ਅਪਣੇ ਚੌਥੇ ਹਮਲੇ ਦੌਰਾਨ ਦਿੱਲੀ, ਅਗਰਾ ਅਤੇ ਮਥੁਰਾ ਸ਼ਹਿਰਾਂ ਦੀ ਲੁੱਟ-ਮਾਰ ਕਰ ਕੇ ਅਤੇ ਨੌਜਵਾਨ ਲੜਕੀਆਂ ਨੂੰ ਬੰਦੀ ਬਣਾ ਕੇ ਅਫ਼ਗਾਨਿਸਤਾਨ ਲਿਜਾ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੇ ਜਥੇ ਨੇ ਉਸ ਤੇ ਹਮਲਾ ਕਰ ਕੇ ਲੁੱਟਿਆ ਧਨ ਅਤੇ ਲੜਕੀਆਂ ਛੁਡਵਾ ਲਈਆਂ। ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਦੀ ਇਸ ਕਾਰਵਾਈ ਉਪਰੰਤ ਤੈਮੂਰ ਸ਼ਾਹ ਨੂੰ ਪੰਜਾਬ ਦਾ ਰਾਜ ਸੌਂਪ ਦਿਤਾ ਅਤੇ ਜਨਰਲ ਜਾਹਾਨ ਖ਼ਾਨ ਅਧੀਨ ਤਕਰੀਬਨ ਦਸ ਹਜ਼ਾਰ ਫੌਜਾਂ ਛੱਡ,ਆਪ ਵਾਪਸ ਕਾਬਲ ਚਲਾ ਗਿਆ। ਅਹਿਮਦ ਸ਼ਾਹ ਅਬਦਾਲੀ ਦੇ ਹੁਕਮ 'ਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਦੀਆਂ ਕੋਸ਼ਸ਼ਾਂ ਸ਼ੁਰੂ ਹੋ ਗਈਆਂ। ਜਦੋਂ ਮੁਗ਼ਲ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰ ਰਹੇ ਸਨ ਤਾਂ ਉਸ ਵਕਤ ਬਾਬਾ ਜੀ ਦਮਦਮਾ ਸਾਹਿਬ ਵਿਖੇ ਸਨ।

ਬਾਬਾ ਜੀ ਨੇ ਅਪਣਾ 18 ਸੇਰ ਦਾ ਖੰਡਾ ਖੜਕਾਉਂਦਿਆਂ ਤਕਰੀਬਨ ਪੰਜ ਸੌ ਸਿੰਘਾਂ ਦੇ ਜਥੇ ਨਾ਼ਲ ਦਰਬਾਰ ਸਾਹਿਬ ਵੱਲ ਚਾਲੇ ਪਾ ਦਿੱਤੇ।ਤਰਨਤਾਰਨ ਤੱਕ ਪਹੁੰਚਦਿਆਂ ਉਨ੍ਹਾਂ ਦੇ ਜਥੇ ਦੀ ਗਿਣਤੀ ਪੰਜ ਹਜ਼ਾਰ ਦੇ ਕਰੀਬ ਹੋ ਗਈ।

ਉੱਥੇ ਪਹੁੰਚ ਕੇ ਬਾਬਾ ਜੀ ਨੇ ਅਪਣੇ 18 ਸੇਰੀ ਖੰਡੇ ਨਾਲ ਲਕੀਰ ਖਿੱਚਦਿਆਂ ਕੁਰਬਾਨੀ ਦੇਣ ਵਾਲੇ ਸਿੰਘਾਂ ਨੂੰ ਲਕੀਰ ਟੱਪ ਆਉਣ ਲਈ ਕਿਹਾ। ਸਾਰੇ ਦੇ ਸਾਰੇ ਸਿੰਘ ਲਕੀਰ ਟੱਪ ਕੇ ਦਰਬਾਰ ਸਾਹਿਬ ਲਈ ਕੁਰਬਾਨ ਹੋਣ ਲਈ ਤਿਆਰ ਹੋ ਗਏ। ਸਿੰਘਾਂ ਦੇ ਪਹੁੰਚਣ ਦੀ ਖ਼ਬਰ ਮੁਗ਼ਲਾਂ ਨੂੰ ਵੀ ਲੱਗ ਗਈ ਅਤੇ ਉਨ੍ਹਾਂ ਤਕਰੀਬਨ 35 ਹਜ਼ਾਰ ਦੇ ਲਾਮ ਲਸ਼ਕਰ ਸਮੇਤ ਸਿੰਘਾਂ ਦੇ ਮੁਕਾ-ਬਲੇ ਲਈ ਚਾਲੇ ਪਾ ਦਿਤੇ। ਸਿੰਘ ਮੁਗ਼ਲ ਫ਼ੌਜਾਂ ਨੂੰ ਪਛਾੜਦੇ ਚੱਬਾ ਪਿੰਡ ਪਾਰ ਕਰ ਗਏ।ਪਿੰਡ ਚੱਬਾ ਨੇੜੇ ਬਾਬਾ ਜੀ ਅਤੇ ਜਹਾਨ ਖ਼ਾਨ ਦਾ ਆਹਮੋ-ਸਾਹਮਣੇ ਦਾ ਮੁਕਾਬਲਾ ਹੋਇਆ। ਇਸ ਦੌਰਾਨ ਦੋਵਾਂ ਦੇ ਸਿਰ ਧੜਾਂ ਤੋਂ ਅਲੱਗ ਹੋ ਗਏ। ਬਾਬਾ ਜੀ ਨੇ ਸੀਸ ਦੇ ਧੜ ਤੋਂ ਅਲੱਗ ਹੋਣ ਦੇ ਬਾਵਜੂਦ ਸ੍ਰੀ ਦਰਬਾਰ ਸਾਹਿਬ ਪਹੁੰਚਣ ਦੀ ਅਪਣੀ ਪ੍ਰਤਿਗਿਆ ਨੂੰ ਮਨ ਵਿਚ ਚਿਤਵਿਆ। ਬਾਬਾ ਜੀ ਧੜ ਤੋਂ ਅਲੱਗ ਹੋਇਆ ਸੀਸ ਤਲੀ 'ਤੇ ਰੱਖ ਮੁੜ 18 ਸੇਰ ਦੇ ਖੰਡੇ ਨਾਲ ਮੈਦਾਨ-ਏ-ਜੰਗ ਵਿਚ ਉੱਤਰ ਆਏ। ਬਾਬਾ ਜੀ ਨੂੰ ਬਿਨਾ ਸੀਸ ਤੋਂ ਜੰਗ ਵਿੱਚ ਲੜਦਿਆਂ ਵੇਖ ਮੁਗ਼ਲ ਫੌਜਾਂ ਵਿੱਚ ਭਾਜੜ ਪੈ ਗਈ ਅਤੇ ਉਹ ਬਿਨਾ ਯੁੱਧ ਕੀਤੇ ਮੈਦਾਨ ਛੱਡ ਗਏ। ਬਾਬਾ ਜੀ ਨੇ ਸ੍ਰੀ ਦਰਬਾਰ ਸਾਹਿਬ ਵੱਲ ਆਪਣਾ ਸਫ਼ਰ ਜਾਰੀ ਰੱਖਿਆ ਅਤੇ ਪਰਕਰਮਾ ਵਿੱਚ ਸੀਸ ਭੇਟ ਕਰ ਕੇ 13 ਨਵੰਬਰ 1757 ਨੂੰ ਅਦੁੱਤੀ ਸ਼ਹਾਦਤ ਦਾ ਜਾਮ ਪੀ ਗਏ। ਪੂਰੀ ਦੁਨੀਆਂ ਵਿੱਚ ਹੋਈਆਂ ਸ਼ਹਾਦਤਾਂ ਵਿੱਚ ਬਾਬਾ ਦੀਪ ਸਿੰਘ ਦੀ ਇਸ ਸ਼ਹਾਦਤ ਨੂੰ ਅਨੋਖੀ ਸ਼ਹਾਦਤ ਮੰਨਿਆ ਗਿਆ ਹੈ।

*-ਸੁਖਚੈਨ ਸਿੰਘ ਕੁਰੜ (ਪੰਜਾਬੀ ਅਧਿਆਪਕ)*

*ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲ਼ਾ (ਫ਼ਿਰੋਜ਼ਪੁਰ)।*

26 ਜਨਵਰੀ 'ਤੇ ਵਿਸ਼ੇਸ਼

## ਅਪੀਲਾਂ-ਦਲੀਲਾਂ

ਅਪੀਲਾਂ-ਦਲੀਲਾਂ, ਰੋਸੇ ਤੇ ਸੁਣਵਾਈਆਂ,
ਠੁੱਸ ਹੋ ਰਹੀਆਂ, ਜਿਉਂ ਹੋਵਣ ਹਵਾਈਆਂ।
ਤਰਾਜ਼ੂ ਬਰਾਬਰੀ ਦਾ,ਦਰਸਾਇਆ ਏ ਜਾਂਦਾ,
ਐਪਰ ਪਾ ਕੇ 'ਪਾਸਕੂ', ਝੁਕਾਇਆ ਏ ਜਾਂਦਾ,
ਅਸਲੀਅਤਾਂ ਜਾਂਦੀਆਂ, ਹਮੇਸ਼ਾਂ ਲੁਕਾਈਆਂ,
ਅਪੀਲਾਂ-ਦਲੀਲਾਂ,
ਫਿਰ ਖ਼ਰੀਦੋ-ਫ਼ਰੋਖ਼ਤ ਦਾ, ਦੌਰ ਚੱਲਦਾ ਏ,
ਪਤਾ ਨਹੀਂ ਲੱਗਦਾ, ਕੌਣ ਕੀਹਦੇ ਵੱਲ ਦਾ ਏ,
ਘਟਨਾਵਾਂ ਆਮ ਕਰਕੇ, ਜਾਂਦੀਆਂ ਵਟਾਈਆਂ,
ਅਪੀਲਾਂ-ਦਲੀਲਾਂ .........
ਵਕੀਲਾਂ, ਡਾਕਟਰਾਂ ਤੇ, ਲੋਕਾਂ ਦੇ ਧਰਨੇ,
ਹਟਾ ਨਹੀਂ ਸਕੇ, ਈ ਵੀ ਐਮ ਦੇ ਡਰਨੇ,
ਇੱਛਾਵਾਂ ਲੋਕਾਂ ਦੀਆਂ, ਨਾ ਜਾਣ ਪੁਗਾਈਆਂ,
ਅਪੀਲਾਂ-ਦਲੀਲਾਂ ........
'ਸੰਵਿਧਾਨ-ਦਿਵਸ' ਤੇ, ਜਾਗੀ ਏ ਆਸ਼ਾ,
ਕੁੱਝ ਤੇ ਮੁੱਕੇਗੀ, ਫ਼ੈਲੀ ਹੈ ਜੋ ਨਿਰਾਸ਼ਾ,
ਲੱਗਦਾ ਮਿਲਣਗੀਆਂ,ਸੱਭ ਨੂੰ ਵਧਾਈਆਂ,
ਅਪੀਲਾਂ-ਦਲੀਲਾਂ .........

*-ਜੇ. ਐਸ. ਸੇਖੋਂ,*
*ਫੋਨ:+91 73475-60156*

# ਤਾਰਾ ਰਹਿਤ ਰਾਤ

ਜਿਸ ਤਰ੍ਹਾਂ ਹਵਾ ਪ੍ਰਦੂਸ਼ਣ ਜਾਂ ਸ਼ੋਰ ਪ੍ਰਦੂਸ਼ਣ ਹੁੰਦਾ ਹੈ, ਉਸੇ ਤਰ੍ਹਾਂ ਪ੍ਰਕਾਸ਼ ਪ੍ਰਦੂਸ਼ਣ ਵੀ ਹੁੰਦਾ ਹੈ ਅਤੇ ਇਹ ਪ੍ਰਦੂਸ਼ਣ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਪ੍ਰਦੂਸ਼ਣ ਦਾ ਮਾੜਾ ਪ੍ਰਭਾਵ ਇਹ ਹੈ ਕਿ ਚੀਜ਼ਾਂ ਉਸ ਤਰ੍ਹਾਂ ਦਿਖਾਈ ਨਹੀਂ ਦਿੰਦੀਆਂ ਜਿਵੇਂ ਕਿ ਹੋਣੀਆਂ ਚਾਹੀਦੀਆਂ ਹਨ। ਦੁਨੀਆ ਭਰ ਵਿੱਚ ਫੈਲੇ ਕਈ ਨਾਗਰਿਕ ਵਿਗਿਆਨੀਆਂ ਨੇ 12 ਸਾਲ ਤੱਕ ਅਧਿਐਨ ਕਰਨ ਤੋਂ ਬਾਅਦ ਇਹ ਰਿਪੋਰਟ ਪੇਸ਼ ਕੀਤੀ ਹੈ। ਰਾਤ ਨੂੰ ਨਕਲੀ ਰੌਸ਼ਨੀ ਨੇ ਕੁਦਰਤੀ ਰੌਸ਼ਨੀ ਨੂੰ ਦੂਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਵਿਗਿਆਨੀਆਂ ਨੇ ਦੱਸਿਆ ਹੈ ਕਿ ਰਾਤ ਨੂੰ ਤਾਰਿਆਂ ਨੂੰ ਦੇਖਣਾ ਹਰ ਸਾਲ ਮੁਸ਼ਕਲ ਹੁੰਦਾ ਜਾ ਰਿਹਾ ਹੈ। ਨਕਲੀ ਰੋਸ਼ਨੀ ਕਿੱਥੇਹੋਰ ਕੀ ਹੈ, ਉੱਥੋਂ ਤਾਰਿਆਂ ਨੂੰ ਦੇਖਣਾ ਜਾਂ ਲੱਭਣਾ ਬਹੁਤ ਮੁਸ਼ਕਲ ਹੋ ਗਿਆ ਹੈ। ਵਿਗਿਆਨੀਆਂ ਦੇ ਅੰਦਾਜ਼ੇ ਮੁਤਾਬਕ ਹਰ ਸਾਲ ਕੋਈ ਨਾ ਕੋਈ ਤਾਰੇ ਪ੍ਰਕਾਸ਼ ਪ੍ਰਦੂਸ਼ਣ 'ਚ ਛੁਪ ਰਹੇ ਹਨ। ਅਜਿਹੇ 'ਚ ਅਧਿਐਨ ਦੇ ਨਤੀਜੇ ਸੈਟੇਲਾਈਟ ਦੀ ਵਧਦੀ ਲੋੜ ਵੱਲ ਵੀ ਇਸ਼ਾਰਾ ਕਰਦੇ ਹਨ। ਹੁਣ ਤਾਰਿਆਂ ਨੂੰ ਵੇਖਣ ਜਾਂ ਗ੍ਰਹਿਆਂ ਅਤੇ ਉਪਗ੍ਰਹਿਆਂ ਦੀ ਜਾਂਚ ਵਿੱਚ ਉਪਗ੍ਰਹਿ ਹੀ ਇੱਕ ਸਹਾਰਾ ਹਨ। ਜੇਕਰ ਧਰਤੀ ਤੋਂ ਤਾਰਿਆਂ ਨੂੰ ਦੇਖ ਕੇ ਅਧਿਐਨ ਕੀਤਾ ਜਾਵੇ ਤਾਂ ਅਸਲ ਸਥਿਤੀ ਸਪੱਸ਼ਟ ਨਹੀਂ ਹੋਵੇਗੀ। ਇਸ ਗੱਲ ਦਾ ਵੀ ਖਤਰਾ ਹੈ ਕਿ ਜੇਕਰ ਧਰਤੀ ਤੋਂ ਤਾਰੇ ਸਪੱਸ਼ਟ ਤੌਰ 'ਤੇ ਦਿਖਾਈ ਨਾ ਦੇਣ ਤਾਂ ਸੱਭਿਆਚਾਰਕ ਅਤੇ ਸਿਹਤ ਸੰਬੰਧੀ ਬਦਲਾਅ ਵੀ ਆ ਸਕਦੇ ਹਨ।ਹੋਵੇਗਾ। ਸਿਤਾਰਿਆਂ ਨਾਲ ਸਬੰਧਤ ਕਹਾਣੀਆਂ ਜਾਂ ਗੀਤ ਆਮ ਨਹੀਂ ਹੋਣਗੇ। ਇਹ




ਸਮਝਣਾ ਮੁਸ਼ਕਲ ਹੋਵੇਗਾ ਕਿ ਆਉਣ ਵਾਲੀ ਪੀੜ੍ਹੀ, ਜੋ ਤਾਰਿਆਂ ਭਰੇ ਅਸਮਾਨ ਨੂੰ ਦੇਖਣ ਤੋਂ ਵਾਂਝੀ ਰਹਿ ਜਾਵੇਗੀ। ਖੇਬਅ ਏਟ ਅਲ ਵਿੱਚ ਪ੍ਰਕਾਸ਼ਿਤ ਗਲੋਬ ਐਟ ਨਾਈਟ ਪ੍ਰੋਜੈਕਟ ਦੇ ਅਧਿਐਨ ਬਹੁਤ ਮਹੱਤਵਪੂਰਨ ਹਨ। ਘੱਟ ਰੋਸ਼ਨੀ ਅਤੇ ਫਿੱਕੇ ਤਾਰੇ ਵੀ ਇਨਸਾਨ ਨੂੰ ਦਿਸਣ ਚਾਹੀਦੇ ਹਨ, ਪਰ ਹੁਣ ਇਹ ਮੁਸ਼ਕਲ ਹੁੰਦਾ ਜਾ ਰਿਹਾ ਹੈ। ਵਿਗਿਆਨੀਆਂ ਨੇ ਅਧਿਐਨ ਕੀਤਾ ਹੈ ਕਿ ਕਿਵੇਂ ਸਮੇਂ ਦੇ ਨਾਲ ਅਸਮਾਨ ਦੀ ਚਮਕ ਵਧਦੀ ਜਾ ਰਹੀ ਹੈ। ਪਿਛਲੇ ਬਾਰਾਂ ਸਾਲਾਂ (2011 ਤੋਂ 2022 ਤੱਕ) ਦੇ ਅੰਕੜਿਆਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਨਕਲੀ ਰੌਸ਼ਨੀ ਨਾਲ ਪ੍ਰਭਾਵਿਤ ਅਸਮਾਨ ਦਾ ਖੇਤਰਦੁਨੀਆ ਭਰ ਵਿੱਚ ਹਰ ਸਾਲ 10 ਪ੍ਰਤੀਸ਼ਤ ਦੀ ਚਿੰਤਾਜਨਕ ਔਸਤ ਨਾਲ ਚਮਕ ਵਧ ਰਹੀ ਹੈ, ਯਾਨੀ ਅੱਠ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਦੁੱਗਣੀ ਹੋ ਰਹੀ ਹੈ। ਇਹ ਸੁਧਾਰ ਰੱਖਿਆ ਮੌਸਮ ਵਿਗਿਆਨ ਸੈਟੇਲਾਈਟ ਪ੍ਰੋਗਰਾਮ ਅਤੇ ਸੁਓਮੀ ਨੈਸ਼ਨਲ ਪੋਲਰ-ਆਰਬਿਟਿੰਗ ਸੈਟੇਲਾਈਟ ਪ੍ਰੋਗਰਾਮ 'ਤੇ ਅਧਾਰਤ ਹੈ। ਪਾਰਟਨਰਸ਼ਿਪ ਸੈਟੇਲਾਈਟਾਂ ਦੁਆਰਾ ਲਏ ਗਏ ਰੇਡੀਏਸ਼ਨ ਮਾਪਾਂ ਦੇ ਆਧਾਰ 'ਤੇ ਨਕਲੀ ਪ੍ਰਕਾਸ਼ ਨਿਕਾਸ (ਸਲਾਨਾ ਦੋ ਪ੍ਰਤੀਸ਼ਤ) ਅਨੁਮਾਨ ਤੋਂ ਬਹੁਤ ਜ਼ਿਆਦਾ ਹੈ। ਕਈ ਉਪਗ੍ਰਹਿ ਵੀ ਸਹੀ ਰੋਸ਼ਨੀ ਨੂੰ ਫੜਨ ਅਤੇ ਸਮਝਣ ਵਿੱਚ ਅਸਮਰੱਥ ਹੁੰਦੇ ਜਾ ਰਹੇ ਹਨ। ਇਸ ਲਈ ਭਵਿੱਖ ਵਿੱਚ ਅਜਿਹੇ ਸੈਟੇਲਾਈਟਾਂ ਦੀ ਲੋੜ ਹੈ, ਜੋ ਰੌਸ਼ਨੀ ਦੇ ਪ੍ਰਦੂਸ਼ਣ ਕਾਰਨ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨ। ਤਰੀਕੇ ਨਾਲ ਧਿਆਨ ਵਿੱਚ ਰੱਖੋਗੱਲ ਇਹ ਹੈ ਕਿ ਜੋ ਅੰਕੜੇ ਪ੍ਰਕਾਸ਼ਿਤ ਕੀਤੇ ਗਏ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਯੂਰਪ ਅਤੇ ਉੱਤਰੀ ਅਮਰੀਕਾ ਤੋਂ ਲਏ ਗਏ ਹਨ। ਵਿਆਪਕ ਡਾਟਾ ਅਤੇ ਅਧਿਐਨ ਦੀ ਲੋੜ ਹੈ। ਅਫਰੀਕਾ, ਏਸ਼ੀਆ ਅਤੇ ਆਸਟ੍ਰੇਲੀਆ ਤੋਂ ਵੀ ਅੰਕੜੇ ਸਾਹਮਣੇ ਆਉਣੇ ਚਾਹੀਦੇ ਹਨ। ਲੋਕਾਂ ਨੂੰ ਸਮਝਦਾਰ ਬਣਨਾ ਪਵੇਗਾ। ਇਸ ਸਮੇਂ ਬਹੁਤੇ ਸ਼ਹਿਰਾਂ ਵਿੱਚ ਲੋਕ ਜ਼ਿਆਦਾ ਰੌਸ਼ਨੀ ਦੇਖ ਕੇ ਬਹੁਤ ਖੁਸ਼ ਹਨ, ਜਦੋਂ ਕਿ ਅਜਿਹੀ ਰੌਸ਼ਨੀ ਪ੍ਰਕਾਸ਼ ਪ੍ਰਦੂਸ਼ਣ ਹੈ। ਪੱਤੇ, ਫੁੱਲ, ਫਲ ਅਤੇ ਹੋਰ ਚੀਜ਼ਾਂ ਵਧੇਰੇ ਰੋਸ਼ਨੀ ਵਿੱਚ ਵੱਖਰੇ ਰੰਗ ਵਿੱਚ ਦਿਖਾਈ ਦਿੰਦੀਆਂ ਹਨ। ਰਾਤ ਨੂੰ ਨਕਲੀ ਰੋਸ਼ਨੀ ਦੇ ਖ਼ਤਰਿਆਂ ਬਾਰੇ ਬਹੁਤ ਜ਼ਿਆਦਾ ਜਾਗਰੂਕਤਾ ਹੋਣੀ ਚਾਹੀਦੀ ਹੈ ਅਤੇ ਰੌਸ਼ਨੀ ਦੀ ਵਰਤੋਂ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ।ਵਿਵਸਥਾ ਹੋਣੀ ਚਾਹੀਦੀ ਹੈ। ਜ਼ਿਆਦਾਤਰ ਲੋਕ ਨਕਲੀ ਰੋਸ਼ਨੀ ਨੂੰ ਸੜਕ ਸੁਰੱਖਿਆ ਅਤੇ ਨਿੱਜੀ ਸੁਰੱਖਿਆ ਨਾਲ ਵੀ ਜੋੜਦੇ ਹਨ, ਜਦੋਂ ਕਿ ਅਸਲ ਹੱਲ ਕੁਝ ਹੋਰ ਹੈ। ਦੁਨੀਆ ਦੇ ਖਗੋਲ ਵਿਗਿਆਨੀਆਂ ਨੂੰ ਪ੍ਰਦੂਸ਼ਣ ਦਾ ਅਹਿਸਾਸ ਕਰਨ ਲਈ ਜਲਦੀ ਸੀ ਕਿ ਰਾਤ ਦੀ ਰੋਸ਼ਨੀ ਉਨ੍ਹਾਂ ਦੀ ਖੋਜ ਨੂੰ ਪ੍ਰਭਾਵਤ ਕਰ ਸਕਦੀ ਹੈ ਅਤੇ ਉਨ੍ਹਾਂ ਦੀਆਂ ਨਿਰੀਖਕਾਂ ਨੂੰ ਚਮਕਦਾਰ ਸ਼ਹਿਰਾਂ ਤੋਂ ਦੂਰ ਲੈ ਗਿਆ। ਅਸੀਂ ਜਿੱਥੇ ਵੀ ਹਾਂ, ਸਾਨੂੰ ਇਹ ਸਮਝਣਾ ਹੋਵੇਗਾ ਕਿ ਤਾਰਿਆਂ ਤੋਂ ਬਿਨਾਂ ਰਾਤ ਦਾ ਕੋਈ ਅਰਥ ਨਹੀਂ ਹੈ।

*-ਵਿਜੈ ਗਰਗ*

*ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ ਮਲੋਟ ਪੰਜਾਬ*

# ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ

ਨਿੰਦਰ ਘੁਗਿਆਣਵੀ ਜਿੰਨਾ ਨਿੱਕਾ ਹੈ ਓਨਾ ਹੀ ਤਿੱਖਾ। ਪਹਿਲਾਂ ਮੈਨੂੰ ਚਾਚਾ ਕਹਿੰਦਾ ਸੀ ਹੁਣ ਤਾਇਆ। ਅਖੇ ਮੈਂ ਦੋਹਾਂ ਦੀਆਂ ਜਨਮ ਤਾਰੀਖਾਂ ਵੇਖ ਲਈਆਂ ਤੇ ਗ਼ਲਤੀ ਸੁਧਾਰ ਲਈ! ਉਸ ਨੇ ਸਵੈ-ਜੀਵਨੀ, ਜੀਵਨੀਆਂ, ਰੇਖਾ-ਚਿੱਤਰ, ਨਿਬੰਧ, ਲਲਿਤ ਨਿਬੰਧ, ਯਾਦਾਂ, ਸਫ਼ਰਨਾਮੇ, ਡਾਇਰੀਨਾਮਾ, ਰੇਡੀਓਨਾਮਾ ਅਤੇ ਅਨੇਕਾਂ ਅਖ਼ਬਾਰੀ ਕਾਲਮ ਲਿਖੇ ਨੇ ਜੋ ਪੰਜਾਹ ਤੋਂ ਵੱਧ ਪੁਸਤਕਾਂ ਵਿਚ ਸ਼ਾਮਲ ਹਨ। ਪੇਂਡੂ ਮਲਵਈ ਸ਼ਬਦਾਵਲੀ, ਅਖਾਣਾਂ, ਮੁਹਾਵਰੇ, ਨਿੱਕੇ ਸਰਲ ਵਾਕ, ਸੰਖੇਪ ਪੈਰੇ, ਸ਼ਬਦਾਂ ਦੀ ਸੂਖਮ ਲੈਅ, ਵਾਰਤਾ ਦਾ ਦ੍ਰਿਸ਼ ਵਰਣਨ, ਰੌਚਿਕ ਬਿਰਤਾਂਤ, ਸਰਲਤਾ, ਸਪੱਸ਼ਟਤਾ ਤੇ ਕਾਵਿਕ ਛੋਹਾਂ ਉਸ ਦੀ ਵਾਰਤਕ ਦੇ ਮੀਰੀ ਗੁਣ ਹਨ। ਉਹਦੀ ਲੇਖਣੀ ਵਿਚ ਅਨੇਕਾਂ ਰੰਗਾਂ, ਰਸਾਂ, ਸੁਗੰਧਾਂ, ਤੱਤੀਆਂ ਠੰਢੀਆਂ ਛੋਹਾਂ ਤੇ ਮਧੁਰ ਧੁਨਾਂ ਦਾ ਮਿਸ਼ਰਨ ਹੈ। ਸੁਰਜੀਤ ਪਾਤਰ ਨੂੰ ਉਹਦੀ ਵਾਰਤਕ ਵਿਚਲੀ ਮਸੂਮੀਅਤ, ਵਿਅੰਗ ਤੇ ਵਿਨੋਦੀਪਣ ਚੰਗੇ ਲੱਗਦੇ ਹਨ। ਉਹਦੀ ਲਿਖਣ ਸ਼ੈਲੀ ਦੀ ਸਾਦਗੀ, ਰਵਾਨਗੀ ਤੇ ਬੇਬਾਕੀ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਦੀ ਹੈ। ਉਹ ਨਿੱਕੇ ਕੱਦ ਦਾ ਕੱਦਾਵਰ ਲੇਖਕ ਹੈ। 'ਜੁਗਤੀ' ਵੀ ਹੈ ਤੇ 'ਜੁਗਾੜੀ' ਵੀ। ਕਲਮ ਚਲਾਉਣੀ ਉਹਦੀ ਜੁਗਤ ਹੈ ਤੇ ਤੂੰਬੀ ਵਜਾਉਣੀ ਉਹਦਾ ਜੁਗਾੜ। ਰੇਹੜੇ 'ਤੇ ਚੜ੍ਹਨ ਵਾਲਾ ਪੇਂਡੂ ਮੁੰਡਾ, ਕਲਮ ਤੇ ਤੂੰਬੀ ਦੇ ਸਿਰ 'ਤੇ ਹਵਾਈ ਜਹਾਜ਼ਾਂ 'ਤੇ ਚੜ੍ਹ ਕੇ ਕਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਗਾਹ ਆਇਐ। ਹੈ ਕੋਈ ਉਹਦੇ ਵਰਗਾ ਅਸਤਰ ਜਿਹੜਾ ਸਕੂਲ ਦੀ ਪੜ੍ਹਾਈ ਵਿਚੇ ਛੱਡ ਗਿਆ ਹੋਵੇ ਅਤੇ ਅਰਦਲੀ ਤੋਂ ਮਾਲੀ ਬਣ ਕੇ ਕਿਸੇ ਯੂਨੀਵਰਸਿਟੀ ਦਾ ਵਿਜ਼ਿਟਿੰਗ ਪ੍ਰੋਫ਼ੈਸਰ ਬਣ ਗਿਆ ਹੋਵੇ। ਅਜੇ ਕੀ ਪਤਾ ਕੀ ਦਾ ਕੀ ਬਣ ਜਾਵੇ?




ਉਸ ਨੇ ਇਸ ਪੁਸਤਕ ਦੇ ਆਰੰਭ 'ਜਦੋਂ ਮੈਂ ਵਾਰਤਕ ਲਿਖਦਾ ਹਾਂ' ਵਿਚ ਲਿਖਿਆ, "ਸੁਰ ਦੀ ਸਾਂਝ ਬਚਪਨ ਤੋਂ ਰਹੀ। ਜਦੋਂ ਕਲਮ ਸੌਂ ਰਹੀ ਹੋਵੇ ਤਾਂ ਤੂੰਬੀ ਹੱਥ ਹੁੰਦੀ ਹੈ। ਇੰਜ ਗਿਆਨ ਤੇ ਧਿਆਨ ਬਣਿਆ ਰਹਿੰਦੈ। ਵਾਰਤਕ ਲਿਖਦਿਆਂ ਸੁਰ ਮੇਰੇ ਨਾਲ ਨਾਲ ਤੁਰਦੀ ਹੈ। ਕੁਝ ਕੁਝ ਪੋਂਹਦੀ ਰਹਿੰਦੀ ਹੈ, ਮੋਂਹਦੀ ਰਹਿੰਦੀ ਹੈ। ਸ਼ਬਦ ਬੀੜ ਹੁੰਦੇ ਨੇ। ਜਿਵੇਂ ਰਾਜ ਮਿਸਤਰੀ ਇੱਟਾਂ ਚਿਣਦਾ ਹੈ। ਹੱਥ 'ਚ ਤੇਸੀ ਹੈ। ਫੀਤਾ ਹੈ। ਸੂਤਾ ਹੈ। ਕਰੰਡੀ ਹੈ। ਵਿੱਥਾਂ, ਚਿੱਪਾਂ ਮੇਲਦਾ-ਭਰਦਾ ਜਾਂਦਾ ਹੈ ਤੇ ਇੱਟਾਂ ਦੇ ਸੰਸਾਰ ਨਾਲ ਖੇਲ੍ਹਦਾ-ਮੇਲ੍ਹਦਾ ਰਹਿੰਦਾ ਹੈ। ਇਉਂ ਹੀ ਮੈਂ ਅੱਖਰਾਂ, ਸ਼ਬਦਾਂ, ਵਾਕਾਂ, ਪੈਰ੍ਹਿਆਂ ਵਿਚ ਦੀ ਵਿਚਰਦਿਆਂ ਖੇਲ੍ਹਦਾ-ਮੱਲ੍ਹਦਾ ਵਾਰਤਕ ਲਿਖੀ ਜਾ ਰਿਹਾ ਹਾਂ।"

ਵਰਿਆਮ ਸਿੰਘ ਸੰਧੂ ਨੇ ਲਿਖਿਆ, "ਨਿੰਦਰ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਹਨੇ ਲਿਖਣ ਨੂੰ ਹੀ ਆਪਣਾ ਕਿੱਤਾ ਬਣਾ ਲਿਆ ਹੈ। ਉਹ ਉਹਨਾਂ ਪਾਖੰਡੀ ਲੇਖਕਾਂ ਵਿਚੋਂ ਨਹੀਂ ਜਿਹੜੇ ਕਹਿੰਦੇ ਨੇ ਕਿ ਉਹ ਲਿਖ ਕੇ ਮਾਂ-ਬੋਲੀ ਦੀ ਸੇਵਾ ਕਰ ਰਹੇ ਨੇ। ਨਿੰਦਰ ਤਾਂ ਮਾਂ-ਬੋਲੀ ਤੋਂ ਸੇਵਾ ਲੈ ਰਿਹਾ ਹੈ ਤੇ ਗੱਜ ਵੱਜ ਕੇ ਲੈ ਰਿਹਾ ਹੈ। ਤੇ ਇਹਦੇ ਵਿਚ ਮਿਹਣੇ ਵਾਲੀ ਕੋਈ ਗੱਲ ਈ ਨਹੀਂ। ਉਹ ਦੇਸ਼-ਵਿਦੇਸ਼ ਦੇ ਅਖ਼ਬਾਰਾਂ ਵਿਚ ਕਾਲਮ ਲਿਖਣ ਦੇ ਪੈਸੇ ਲੈਂਦਾ ਹੈ। ਕਈ ਵਿਦੇਸ਼ੀ ਟੀਵੀ ਤੇ ਰੇਡੀਓ ਪ੍ਰੋਗਰਾਮਾਂ ਲਈ ਕੁਮੈਂਟਰੀ ਕਰਦਾ ਹੈ। ਨਾਲੇ 'ਵੰਝਾਂ ਦਾ ਵਪਾਰ ਨਾਲੇ 'ਗੰਗਾ' ਦਾ 'ਸ਼ਨਾਨ'। ਉਹਦੇ ਲਈ ਸਾਹਿਤ ਵੀ ਵਸਤੂ ਹੈ। ਜੇ ਕਿਸਾਨ ਫਸਲ ਵੇਚ ਕੇ, ਕਾਰੀਗਰ ਫਰਨੀਚਰ ਬਣਾ ਕੇ, ਪੇਂਟਰ ਪੇਂਟਿੰਗ ਵੇਚ ਕੇ ਤੇ ਗਾਉਣ ਵਾਲਾ ਗਾ ਕੇ ਪੈਸੇ ਕਮਾ ਸਕਦਾ ਏ ਤਾਂ ਸਾਹਿਤਕਾਰ ਆਪਣੀ ਵਸਤ ਕਿਉਂ ਨਾ ਵੇਚੇ? ਨਿੰਦਰ ਦਾ ਸਾਹਿਤ ਛਪ ਵੀ ਰਿਹਾ ਏ ਤੇ ਵਿਕ ਵੀ ਰਿਹਾ ਏ।"

ਦਸਵੀਂ ਫੇਲ੍ਹ ਨਿੰਦਰ ਦੀਆਂ ਕਿਤਾਬਾਂ ਹੁਣ ਬੀਏ ਐੱਮਏ ਦੇ ਕੋਰਸਾਂ ਵਿਚ ਲੱਗੀਆਂ ਹੋਈਆਂ ਹਨ ਅਤੇ ਉਨ੍ਹਾਂ ਉਤੇ ਐੱਮ ਫਿੱਲਾਂ ਤੇ ਪੀਐੱਚਡੀਆਂ ਹੋ ਰਹੀਆਂ ਹਨ। ਘਰਦਿਆਂ ਦੇ ਚਾਅ ਨਾਲ ਰੱਖੇ ਨਾਂ ਨਰਿੰਦਰ ਕੁਮਾਰ ਤੋਂ ਗਵੱਈਆ ਬਣ ਕੇ, ਪਹਿਲਾਂ ਉਹ ਨਰਿੰਦਰ 'ਨਿੰਦਾ' ਬਣਿਆ ਤੇ ਫਿਰ ਲੇਖਕ ਬਣ ਕੇ ਨਿੰਦਰ 'ਘੁਗਿਆਣਵੀ' ਬਣ ਗਿਆ। ਉਹਦਾ ਕੱਦ ਭਾਵੇਂ ਪੰਜ ਕੁ ਫੁੱਟ ਹੈ ਪਰ ਉਹਦੀਆਂ ਕਿਤਾਬਾਂ ਦਾ ਕੱਦ ਉਸ ਤੋਂ ਕਿਤੇ ਵੱਧ ਹੈ। ਤੱਕੜ ਦੇ ਇਕ ਪਾਸੇ ਉਹ ਬੈਠਾ ਹੋਵੇ ਤੇ ਦੂਜੇ ਪਾਸੇ ਉਹਦੀਆਂ ਕਿਤਾਬਾਂ ਧਰੀਆਂ ਹੋਣ ਤਾਂ ਕਿਤਾਬਾਂ ਵਾਲਾ ਪਾਸਾ ਭਾਰਾ ਹੋਵੇਗਾ। 1994 ਤੋਂ 2022 ਤਕ ਪੁੱਜਦਿਆਂ ਉਹਦੀਆਂ ਕਿਤਾਬਾਂ ਦੀ ਗਿਣਤੀ ਪਚਵੰਜਾ ਹੋ ਚੁੱਕੀ ਹੈ। ਜੇ ਜਸਵੰਤ ਸਿੰਘ ਕੰਵਲ ਜਿੰਨੀ ਉਮਰ ਜੀਅ ਗਿਆ ਤਾਂ ਕੰਵਲ ਦੀਆਂ ਸੌ ਕਿਤਾਬਾਂ ਦੇ ਮੁਕਾ-ਬਲੇ ਉਹਦੀਆਂ ਦੋ ਸੌ ਕਿਤਾਬਾਂ ਵੱਟ 'ਤੇ ਹਨ! 1978 ਵਿਚ ਜਨਮੇ ਨਿੰਦਰ ਦੀ ਸਵੈ-ਜੀਵਨੀ 'ਮੈਂ ਸਾਂ ਜੱਜ ਦਾ ਅਰਦਲੀ' ਏਨੀ ਛਪੀ, ਏਨੀ ਛਪੀ ਕਿ ਹੁਣ ਤਕ ਛਪੀ ਹੀ ਜਾ ਰਹੀ ਹੈ। 2019 ਵਿਚ ਉਸ ਦੀ ਨੌਵੀਂ ਐਡੀਸ਼ਨ ਛਪੀ ਸੀ ਤੇ 2020 ਵਿਚ ਦਸਵੀਂ। ਉਸ ਦੇ ਹਿੰਦੀ, ਅੰਗਰੇਜ਼ੀ, ਉਰਦੂ, ਤੇਲਗੂ, ਕੰਨੜ, ਗੁਜਰਾਤੀ, ਮਰਾਠੀ, ਮਲਿਆਲਮ, ਸਿੰਧੀ, ਮੈਥਿਲੀ, ਭੋਜਪੁਰੀ, ਬੰਗਲਾ ਤੇ ਉੜੀਆ ਵਿਚ ਅਨੁਵਾਦ ਵੀ ਛਪੇ ਹਨ। ਸ਼ਾਹਮੁਖੀ ਵਿਚ ਵੀ ਛਪੀ ਹੈ ਅਤੇ ਇਸ ਉਤੇ ਰੇਡੀਓ ਰੁਪਾਂਤਰ ਤੇ ਲਘੂ ਫਿਲਮ ਵੀ ਬਣੀ ਹੈ। ਫਰੀਦਕੋਟ ਵਾਲੇ ਜੱਜ ਦੀ ਰਹਾਇਸ਼ ਵਾਲੀ 'ਲਾਲ ਕੋਠੀ' ਭਾਵੇਂ ਹੁਣ ਬੇਆਬਾਦ ਹੋਈ ਪਈ ਹੈ ਪਰ ਨਿੰਦਰ ਘੁਗਿਆਣਵੀ ਨੇ 'ਮੈਂ ਸਾਂ ਜੱਜ ਦਾ ਅਰਦਲੀ' ਲਿਖ ਕੇ ਉਸ ਨੂੰ ਸਦਾ ਲਈ ਆਬਾਦ ਕਰ ਦਿੱਤਾ ਹੈ।

ਉਹ ਲੇਖਕ, ਪੱਤਰਕਾਰ, ਕਾਲਮਨਵੀਸ, ਰੇਡੀਓਕਾਰ ਤੇ ਤੂੰਬੀਕਾਰ, ਫਾਈਵ ਇਨ ਵਨ ਹੈ। ਲੋਹੜੇ ਦਾ ਮਿਲਾਪੜਾ ਹੈ ਤੇ ਮਾੜਾ ਮੋਟਾ ਟੁੱਟ-ਪੈਣਾ ਵੀ। ਨਾ ਰੁੱਸਦੇ ਦਾ ਪਤਾ ਲੱਗਦਾ ਨਾ ਮੰਨਦੇ ਦਾ। ਫੋਨ 'ਤੇ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਕੱਢਦੈ, ਘਿਆਕੋ ਬਿੱਲੀਆਂ ਬੁਲਾਉਂਦੈ ਤੇ ਜਣੇ ਖਣੇ ਦੀਆਂ ਸਾਂਗਾਂ ਲਾਉਂਦੈ। ਵਿਚੇ ਗੁਰਬਚਨ ਭੁੱਲਰ ਦੀਆਂ, ਵਿਚੇ ਹਰਭਜਨ ਹੁੰਦਲ ਦੀਆਂ, ਵਿਚੇ ਮੇਰੀਆਂ, ਵਿਚੇ ਕਿਰਪਾਲ ਕਜਾਕ ਦੀਆਂ ਤੇ ਵਿਚੇ 'ਫਿਲਹਾਲ' ਵਾਲੇ ਗੁਰਬਚਨ ਦੀਆਂ। ਦੇਸ ਪ੍ਰਦੇਸ ਗਾਹੁਣ ਵਾਲੇ ਗੁਰਬਚਨ ਵਰਗੇ ਵੀ ਪਛਾਣ ਨਹੀਂ ਸਕਦੇ ਕਿ ਨਿੰਦਰ ਉਹਦਾ ਮਜ਼ਾਕ ਉਡਾ ਰਿਹੈ!

ਆਹ ਪੁਸਤਕ ਉਹਦੀ ਵਾਰਤਕ ਰਚਨਾ ਬਾਰੇ ਤਿਆਰ ਕੀਤੀ ਗਈ ਹੈ ਜਿਸ ਵਿਚ ਉਸਤਤ ਵੱਧ ਹੈ, ਮੀਨਮੇਖ ਘੱਟ। ਦੋ ਦਰਜਨ ਦੇ ਕਰੀਬ ਨਾਮਵਰ ਲੇਖਕਾਂ ਤੇ ਆਲੋਚਕਾਂ ਨੇ ਸਮੇਂ ਸਮੇਂ ਉਹਦੀ ਸ਼ਖ਼ਸੀਅਤ, ਉਹਦੀਆਂ ਕਿਤਾਬਾਂ ਤੇ ਉਹਦੀ ਵਾਰਤਕ ਬਾਰੇ ਨਿੱਕੇ ਵੱਡੇ ਲੇਖ ਲਿਖੇ ਸਨ। ਦਰਜਨ ਤੋਂ ਵੱਧ ਲੇਖਕਾਂ ਨੇ ਨਵੇਂ ਨਕੋਰ ਲੇਖ ਵੀ ਲਿਖੇ। ਇਉਂ ਇਹ ਨਵੀਆਂ ਤੇ ਪੁਰਾਣੀਆਂ ਲਿਖਤਾਂ ਦਾ ਵੰਨ ਸੁਵੰਨਾ ਗੁਲਦਸਤਾ ਹੈ ਜਿਸ ਵਿਚੋਂ ਨਿੰਦਰ ਘੁਗਿਆਣਵੀ ਦੇ ਸੰਘਰਸ਼ਮਈ ਜੀਵਨ, ਉਸ ਦੀਆਂ ਪੁਸਤਕਾਂ ਤੇ ਉਹਦੀ ਬਹੁਰੰਗੀ ਵਾਰਤਕ ਸ਼ੈਲੀ ਦੀ ਟਹਿਕ ਤੇ ਮਹਿਕ ਮਾਣੀ ਜਾ ਸਕਦੀ ਹੈ। 260 ਪੰਨਿਆਂ ਦੀ ਇਹ ਪੁਸਤਕ ਲੋਕਗੀਤ ਪ੍ਰਕਾਸ਼ਨ ਨੇ ਛਾਪੀ ਹੈ ਜਿਨ੍ਹਾਂ ਦਾ ਫੋਨ +91-172-5027427, 5027429 ਹੈ।

-ਪ੍ਰਿੰ. ਸਰਵਣ ਸਿੰਘ

pirnicpalsarwanisngh@gmial.com

# ਅਮਰੀਕਾ ਦੇ ਇਕ ਹਸਪਤਾਲ ਵਿਚ ਪਤਨੀ ਨੇ ਬਿਮਾਰ ਪਤੀ ਨੂੰ ਮਾਰੀ ਗੋਲੀ, ਹੋਈ ਗ੍ਰਿਫਤਾਰ

* ਗੋਲੀ ਚੱਲਣ ਉਪਰੰਤ ਹਸਪਤਾਲ ਵਿਚ ਬਣਿਆ ਅਫਰਾ ਤਫਰੀ ਦਾ ਮਾਹੌਲ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਪੁਲਿਸ ਨੇ ਇਕ 76 ਸਾਲਾ ਐਲਨ ਗਿਲਾਂਡ ਨਾਮੀ ਔਰਤ ਨੂੰ ਆਪਣੇ ਬਿਮਾਰ ਪਤੀ 77 ਸਾਲਾ ਜੈਰੀ ਗਿਲਾਂਡ ਨੂੰ ਗੋਲੀ ਮਾਰ ਕੇ ਮਾਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਕਿਹਾ ਹੈ ਕਿ ਇਹ ਘਟਨਾ ਡੇਅਟੋਨਾ ਬੀਚ ਫਲੋਰਿਡਾ ਦੇ ਇਕ ਹਸਪਤਾਲ ਵਿਚ ਵਾਪਰੀ ਹੈ ਜਿਥੇ ਉਸ ਦਾ ਬਿਮਾਰ ਪਤੀ ਦਾਖਲ ਸੀ। ਪੁਲਿਸ ਅਨੁਸਾਰ ਔਰਤ ਆਪਣੇ ਪਤੀ ਨੂੰ ਮਾਰਨ ਉਪਰੰਤ ਖੁਦ ਵੀ ਮਰਨਾ ਚਹੁੰਦੀ ਸੀ ਪਰੰਤੂ ਉਹ ਬਿਮਾਰ ਪਤੀ ਨੂੰ ਮਾਰਨ ਉਪਰੰਤ ਆਪਣੇ ਆਪ ਨੂੰ ਗੋਲੀ ਨਾ ਮਾਰ ਸਕੀ। ਡੇਅਟੋਨਾ ਬੀਚ ਪੁਲਿਸ ਮੁੱਖੀ ਜਕਾਰੀ ਈ ਯੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਕਿ ਐਡਵੈਂਟ ਹੈਲਥ ਹਸਪਤਾਲ ਵਿਚ ਦਾਖਲ 77 ਸਾਲਾ ਵਿਅਕਤੀ ਨੇ ਆਪਣੀ ਪਤਨੀ ਨਾਲ ਯੋਜਨਾ ਬਣਾਈ ਸੀ ਕਿ ਉਹ ਉਸ ਨੂੰ ਖਤਮ ਕਰ ਦੇਵੇ ਕਿਉਂਕਿ ਉਹ ਆਪਣੀ ਬਿਮਾਰੀ ਤੋਂ ਅੱਕ ਚੁੱਕਾ ਹੈ। ਵਿਅਕਤੀ ਖੁੱਦ ਆਪਣੇ ਆਪ ਨੂੰ ਗੋਲੀ ਮਾਰਨਾ ਚਹੁੰਦਾ ਸੀ ਪਰੰਤੂ ਉਹ ਸਰੀਰਕ ਤੌਰ 'ਤੇ ਏਨਾ ਕਮਜੋਰ ਸੀ ਕਿ ਉਹ ਅਜਿਹਾ ਕਰਨ ਵਿੱਚ ਅਸਮਰਥ ਸੀ। ਔਰਤ ਨੇ ਪਤੀ ਦੇ ਸਿਰ ਵਿਚ ਗੋਲੀ ਮਾਰਨ ਉਪਰੰਤ ਖੁਦ ਨੂੰ ਹਸਪਤਾਲ ਦੇ ਇਕ ਕਮਰੇ ਵਿਚ ਬੰਦ ਕਰ ਲਿਆ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਔਰਤ ਨੂੰ ਕਮਰੇ ਵਿਚੋਂ ਕੱਢ ਕੇ ਹਿਰਾਸਤ ਵਿਚ ਲੈ ਲਿਆ। ਯੰਗ ਅਨੁਸਾਰ ਪੁਲਿਸ ਸਵੇਰੇ 11।30 ਵਜੇ ਹਸਪਤਾਲ ਪੁੱਜੀ ਤੇ ਸ਼ਾਮ ਦੇ 3 ਵਜੇ ਉਹ ਔਰਤ ਨੂੰ ਕਮਰੇ ਵਿਚੋਂ ਬਾਹਰ ਕੱਢਣ ਵਿਚ ਸਫਲ ਹੋ ਗਈ। ਗੋਲੀ ਚੱਲਣ ਉਪਰੰਤ ਹਸਪਤਾਲ ਵਿਚ ਅਫਰਾ ਤਫਰੀ ਦਾ ਮਾਹੌਲ ਬਣ ਗਿਆ ਤੇ ਮਰੀਜ਼ਾਂ ਨੂੰ ਇਕ ਤਰਾਂ ਬੰਧਕ ਬਣਾ ਲੈਣ ਵਰਗੇ ਹਾਲਾਤ ਬਣ ਗਏ। ਬਹੁਤ ਸਾਰੇ ਮਰੀਜ਼ ਵੈਂਟੀਲੇਟਰ ਉਤੇ ਸਨ ਜਿਨਾਂ ਨੂੰ ਸੁਰੱਖਿਅਤ ਬਾਹਰ ਕੱਢਣਾ ਸੌਖਾ ਕੰਮ ਨਹੀਂ ਸੀ। ਡਾ ਜੋਸ਼ੂਆ ਹੌਰਨਸਟੀਨ ਜੋ ਹਸਪਤਾਲ ਵਿਚ ਦਿੱਲ ਦੇ ਰੋਗਾਂ ਦੇ ਮਾਹਿਰ ਵਜੋਂ ਕੰਮ ਕਰਦੇ ਹਨ, ਨੇ ਦਸਿਆ ਕਿ ਜਦੋਂ ਉਸ ਨੂੰ ਗੋਲੀ ਚੱਲਣ ਬਾਰੇ ਪਤਾ ਲੱਗਾ ਤਾਂ ਉਹ ਐਮਰਜੰਸੀ ਵਿਭਾਗ ਵਿਚ ਕੰਮ ਕਰ ਰਿਹਾ ਸੀ। ਉਨਾਂ ਕਿਹਾ ਕਿ ਕੋਈ ਵਿਅਕਤੀ ਚੀਕਦਾ ਹੋਇਆ ਆਇਆ ਤੇ ਉਸ ਨੇ ਗੋਲੀ ਚੱਲਣ ਬਾਰੇ ਦਸਿਆ । ਡਾਕਟਰ ਅਨੁਸਾਰ ਉਹ ਬਹੁਤ ਡਰ ਗਿਆ ਸੀ ਤੇ ਉਹ ਡੇਢ ਘੰਟੇ ਤੱਕ ਇਕ ਨਰਸ ਨਾਲ ਸਪਲਾਈ ਕਮਰੇ ਵਿਚ ਲੁੱਕਿਆ ਰਿਹਾ। ਯੰਗ ਨੇ ਕਿਹਾ ਕਿ ਔਰਤ ਵਿਰੁੱਧ ਫਸਟ ਡਿਗਰੀ ਹੱਤਿਆ ਦੇ ਦੋਸ਼ ਆਇਦ ਕੀਤੇ ਜਾਣਗੇ। ਉਨਾਂ ਕਿਹਾ ਕਿ ਔਰਤ ਨੂੰ ਆਪਣੇ ਕਾਰੇ ਉਪਰ ਬਹੁਤ ਅਫਸੋਸ ਹੈ ਤੇ ਉਸ ਲਈ ਹਾਲਾਤ ਬਹੁਤ ਪ੍ਰਤੀਕੂਲ ਹਨ। ਅਜੇ ਇਹ ਨਹੀਂ ਪਤਾ ਲੱਗ ਸਕਿਆ ਕਿ ਔਰਤ ਗੰਨ ਕਿਥੋਂ ਲੈ ਕੇ ਆਈ ਸੀ ਕਿਉਂਕਿ ਹਸਪਤਾਲ ਵਿਚ ਮੈਟਲ ਡਿਟੈਕਸ਼ਨ ਸਕਿਉਰਿਟੀ ਸਿਸਟਮ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਭਾਜਪਾ ਵੱਲ ਕਾਂਗਰਸੀ ਆਗੂਆਂ ਦੇ ਦੁੜੰਗੇ ਅਤੇ ਲੋਕ ਸਭਾ ਚੋਣਾਂ ਲਈ ਰਣਨੀਤੀ ਦੇ ਅਗੇਤੇ ਸੰਕੇਤ

ਜਤਿੰਦਰ ਪਨੂੰ ਦੀ ਕਲਮ ਤੋਂ

ਗੱਲ ਦਸ ਕੁ ਸਾਲ ਪੁਰਾਣੀ ਹੈ। ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਅਗਲੀ ਲੋਕ ਸਭਾ ਚੋਣ ਮੌਕੇ ਪ੍ਰਧਾਨ ਮੰਤਰੀ ਅਹੁਦੇ ਵਾਸਤੇ ਉਮੀਦਵਾਰ ਚੁਣਨਾ ਸੀ। ਇਸ ਵੱਡੀ ਪਦਵੀ ਲਈ ਇੱਕ ਵਾਰ ਵੱਡੇ ਦਾਅਵੇਦਾਰ ਵਜੋਂ ਭਾਜਪਾ ਦੇ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਨੀ ਹੇਠ ਚੋਣ ਲੜੀ ਗਈ ਤਾਂ ਗੱਲ ਨਹੀਂ ਸੀ ਬਣ ਸਕੀ। ਅਗਲੀ ਵਾਰੀ ਅਡਵਾਨੀ ਦੀ ਥਾਂ ਪਾਰਟੀ ਨਰਿੰਦਰ ਮੋਦੀ ਨੂੰ ਪੇਸ਼ ਕਰਨਾ ਚਾਹੁੰਦੀ ਸੀ, ਪਰਉਹਦੇ ਅੱਗੇ ਅੜਿੱਕਾ ਪੈਂਦਾ ਸੀ।ਫਿਰ ਵੱਡੇ ਲੀਡਰਾਂ ਵਿੱਚ ਸਹਿਮਤੀ ਬਣ ਗਈ ਕਿ ਐਤਕੀਂ ਨਰਿੰਦਰ ਮੋਦੀ ਨੂੰ ਹੀ ਅੱਗੇ ਲਿਆਈਏ ਤਾਂ ਠੀਕ ਰਹੇਗਾ।ਪਾਰਟੀ ਨੇ ਇਸ ਕੰਮ ਲਈਜਦੋਂ ਕੇਂਦਰੀ ਕਮੇਟੀ ਦੀ ਉਚੇਚੀ ਮੀਟਿੰਗ ਸੱਦੀ ਤਾਂ ਨਾ ਚਾਹੁੰਦੀ ਵੀ ਸੁਸ਼ਮਾ ਸਵਰਾਜ ਓਥੇ ਜਾ ਪਹੁੰਚੀ, ਰਾਜਨਾਥ ਸਿੰਘ ਵੀ ਇਸ ਤਜਵੀਜ਼ ਨੂੰ ਮੰਨ ਗਿਆ, ਪਰ ਲਾਲ ਕ੍ਰਿਸ਼ਨ ਅਡਵਾਨੀ ਨੇ ਪੇਟ ਖਰਾਬ ਹੋਣ ਦੀ ਈ-ਮੇਲ ਭੇਜ ਕੇ ਉਸ ਮੀਟਿੰਗ ਤੋਂ ਕਿਨਾਰਾ ਕਰ ਲਿਆ। ਓਥੇ ਜੋ ਕੁਝ ਕਰਨਾ ਤੈਅ ਕੀਤਾ ਸੀ, ਓਸੇ ਤਰ੍ਹਾਂ ਹੋਇਆ ਅਤੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਵੱਖਰੀ ਦਿੱਖ ਪੇਸ਼ ਕਰ ਚੁੱਕੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਵਾਸਤੇ ਉਮੀਦਵਾਰ ਬਣਾਉਣ ਦਾ ਐਲਾਨ ਕਰ ਕੇ ਪਾਰਟੀ ਅੰਦਰਲੇ ਕੱਟੜਪੰਥੀਆਂ ਨੇ ਕਾਂਗਰਸ ਦੇ ਸਫਾਏ ਦਾ ਨਾਅਰਾ ਵੀ ਨਾਲ ਹੀ ਚੁੱਕ ਲਿਆ।

ਅਗਲੇ ਦਿਨ ਭਾਜਪਾ ਦੇ ਨਵੇਂ ਆਗੂਨਰਿੰਦਰ ਮੋਦੀ ਨੇ 'ਕਾਂਗਰਸ ਮੁਕਤ ਭਾਰਤ' ਬਣਾਉਣ ਨੂੰ ਪਾਰਲੀਮੈਂਟ ਚੋਣ ਦੀ ਮੁਹਿੰਮ ਦਾ ਮੁੱਖ ਨਾਅਰਾ ਬਣਾਉਣ ਦਾ ਸੰਕੇਤ ਦੇ ਦਿੱਤਾ ਤਾਂ ਓਸੇ ਦਿਨ ਹਰਿਆਣੇ ਦਾ ਇੱਕ ਵੱਡਾ ਕਾਂਗਰਸੀ ਲੀਡਰ ਦਲਬਦਲੀ ਕਰ ਕੇ ਭਾਜਪਾ ਵਿੱਚ ਆਣ ਵੜਿਆ। ਅਗਲੇਰੇ ਦਿਨ ਦੂਰਦਰਸ਼ਨ ਪੰਜਾਬੀ ਦੇ ਸਵੇਰ ਦੇ ਸ਼ੋਅ ਵਿੱਚ ਪਹਿਲਾ ਸਵਾਲ ਮੈਥੋਂ ਇਹੀ ਪੁੱਛਿਆ ਗਿਆ ਕਿ ਨਰਿੰਦਰ ਮੋਦੀ ਦਾ ਕਾਂਗਰਸ-ਮੁਕਤ ਭਾਰਤ ਦਾ ਸੱਦਾ ਕਿੱਦਾਂ ਜਾਪਦਾ ਹੈ! ਅਸੀਂ ਹੱਸ ਕੇ ਕਿਹਾ ਕਿ ਤੁਸੀਂ ਵੇਖਦੇ ਰਹੋ, ਨਰਿੰਦਰ ਮੋਦੀ ਨੇ ਭਾਰਤ ਨੂੰ ਕਾਂਗਰਸ-ਮੁਕਤ ਕਰਨਾ ਸ਼ੁਰੂ ਕਰ ਕੇ ਹੌਲੀ-ਹੌਲੀ ਭਾਜਪਾ ਨੂੰ ਕਾਂਗਰਸ-ਯੁਕਤ ਬਣਾ ਦੇਣਾ ਹੈ। ਐਂਕਰ ਦੇ ਕਹਿਣ ਉੱਤੇ ਸਾਨੂੰ ਦੱਸਣਾ ਪਿਆ ਸੀ ਕਿ ਹਿੰਦੀ ਵਿੱਚ ਮੁਕਤ ਤੇ ਯੁਕਤ ਦੋ ਸ਼ਬਦ ਇੱਕ-ਦੂਸਰੇ ਦੇ ਮਦਦਗਾਰ ਵੀ ਹੋਜਾਂਦੇ ਹਨ ਤੇ ਯੁਕਤ ਦਾ ਅਰਥ ਇੱਕ ਵਸਤੂ ਵਿੱਚ ਦੂਸਰੀ ਦੇ ਪੂਰੀ ਤਰ੍ਹਾਂ ਸਮਾ ਜਾਣਾ ਹੁੰਦਾ ਹੈ। ਨਰਿੰਦਰ ਮੋਦੀਯਤਨ ਕਰਨਗੇ ਕਿ ਹੌਲੀ-ਹੌਲੀ ਕਾਂਗਰਸੀ ਆਗੂ ਭਾਜਪਾ ਵਿੱਚ ਓਸੇ ਤਰ੍ਹਾਂ ਆਈ ਜਾਣ, ਜਿਵੇਂ ਉਹ ਗੁਜਰ-ਾਤ ਵਿੱਚ ਕਰ ਚੁੱਕੇ ਹਨ। ਉਹ ਦਿਨ ਅਤੇ ਆਹ ਦਿਨ, ਇਹੀ ਕੁਝ ਵਾਪਰ ਰਿਹਾ ਹੈ ਅਤੇ ਕਾਂਗਰਸੀ ਲੀਡਰ ਹੌਲੀ-ਹੌਲੀ ਭਾਜਪਾ ਵਿੱਚ ਸ਼ਾਮਲ ਹੋਈ ਜਾ ਰਹੇ ਹਨ। ਇਹ ਦਾਅ ਖੇਡਦੇ ਸਮੇਂ ਕਈ ਭਾਜਪਾ ਲੀਡਰਾਂ ਨੇ ਪਹਿਲਾਂ-ਪਹਿਲ ਕੁਝ ਇਤਰਾਜ਼ ਕੀਤੇ ਸਨ ਕਿ ਜਿਨ੍ਹਾਂ ਦੇ ਖਿਲਾਫ ਲੜਦੇ ਰਹੇ ਹਾਂ, ਜੇ ਭਾਜਪਾ ਦੇ ਆਗੂ ਉਹੀ ਬਨਦੇਗਏ ਤਾਂ ਲੋਕ ਗੱਲਾਂ ਕਰਨਗੇ, ਪਰ ਬਾਅਦ ਵਿੱਚ ਏਦਾਂ ਕਹਿਣ ਵਾਲੇ ਚੁੱਪ ਵੱਟ ਗਏ ਸਨ। ਕਾਰਨ ਇਸ ਦਾ ਇਹ ਸੀ ਕਿ ਉਨ੍ਹਾਂ ਦੀ ਗੱਲ ਕਿਸੇ ਸੁਣਨੀ ਨਹੀਂ ਸੀ, ਕਿਉਂਕਿ ਭਾਜਪਾ ਵਿੱਚ ਨਰਿੰਦਰ ਮੋਦੀ ਮੂਹਰੇ ਸਿਰ ਚੁੱਕ ਕੇ ਬੋਲਣ ਵਾਲਾ ਆਗੂ ਹੀ ਕੋਈ ਨਹੀਂ ਸੀ ਰਿਹਾ। ਉਲਟਾ ਇਹ ਸੁਰ ਚੁੱਕਣ ਵਾਲਿਆਂ ਨੂੰ ਮੁਸ਼ਕਲਾਂ ਝੱਲਣੀਆਂ ਪੈ ਸਕਦੀਆਂ ਸਨ।

ਅੱਜ ਪੰਜਾਬ ਵਿੱਚ ਇਹੋ ਕੁਝ ਹੁੰਦਾ ਪਿਆ ਹੈ। ਹਰ ਮਹੀਨੇ ਤੇ ਹਰ ਹਫਤੇ ਨਹੀਂ, ਕਾਂਗਰਸੀ ਆਗੂ ਰੋਜ਼ ਅੱਗੜ-ਪਿੱਛੜ ਪਹਿਲੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਐਲਾਨ ਕਰੀ ਜਾ ਰਹੇ ਹਨ। ਭਾਜਪਾ ਲੀਡਰਸ਼ਿਪ ਨੇ ਉਨ੍ਹਾਂ ਲਈ ਇੱਕ ਖੁੱਲ੍ਹਾ ਸਵਾਗਤੀ ਕਾਊਂਟਰ ਖੋਲ੍ਹਿਆ ਪਿਆ ਤੇ ਇਸ ਕੰਮ ਲਈ ਆਪਣੇ ਏਜੰਟ ਉਨ੍ਹਾਂ ਕਾਂਗਰਸੀ ਆਗੂਆਂ ਦੇ ਮਗਰ ਲਾ ਰੱਖੇ ਹਨ, ਜਿਹੜੇ ਭ੍ਰਿਸ਼ਟਾਚਾਰ ਦੀ ਕਿਸੇ ਨਾ ਕਿਸੇ ਜਾਂਚ ਵਿੱਚ ਫਸ ਚੁੱਕੇ ਹਨ ਜਾਂ ਫਸਣ ਤੋਂ ਤ੍ਰਹਿਕਦੇ ਪਏ ਸੁਣੀਂਦੇ ਹਨ। ਪੰਜਾਬ ਵਿੱਚ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਵੱਲੋਂ ਖਜ਼ਾਨਾ ਮੰਤਰੀ ਦੇ ਅਹੁਦੇ ਦਾ ਸੁਖ ਮਾਣਦਾ ਰਿਹਾ ਮਨਪ੍ਰੀਤ ਸਿੰਘ ਬਾਦਲ ਵੀ ਪਿਛਲੇ ਹਫਤੇ ਇੱਕ ਵਾਰੀ ਹੋਰ ਦਲ-ਬਦਲੀ ਕਰ ਕੇ ਭਾਜਪਾ ਕੋੜਮੇ ਦਾ ਹਿੱਸਾ ਜਾ ਬਣਿਆ ਹੈ। ਉਸ ਤੋਂ ਪਹਿਲਾਂ ਕਈ ਹੋਰ ਕਾਂਗਰਸੀ ਏਸੇ ਤਰ੍ਹਾਂ ਭਾਜਪਾ ਵਿੱਚ ਜਾ ਚੁੱਕੇ ਹਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦਾ ਭਾਜਪਾ ਵਿੱਚ ਜਾਣਾ ਵੱਖਰੀ ਕਿਸਮ ਦਾ ਸੀ, ਕਿਉਂਕਿ ਉਸ ਨੂੰ ਜਦੋਂ ਕਾਂਗਰਸੀ ਵਿਧਾਇਕਾਂ ਦੀ ਬਹੁ-ਗਿਣਤੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਮੁੱਖ ਮੰਤਰੀ ਬਣਨ ਲਈ ਹਮਾਇਤ ਦੇ ਦਿੱਤੀ ਤਾਂ ਕਾਂਗਰਸ ਹਾਈ ਕਮਾਂਡ ਵਿੱਚ ਬੈਠੀ ਇੱਕ ਰਾਜ-ਸਭਾਈ ਮਹਿਲਾ ਆਗੂ ਨੇ 'ਸਿੱਖ ਮੁੱਖ ਮੰਤਰੀ' ਬਣਾਉਣ ਦੀ ਸੁਰ ਚੁੱਕ ਕੇ ਉਸ ਅੱਗੇ ਅੜਿੱਕਾ ਲਾ ਦਿੱਤਾ ਸੀ। ਇਸ ਦੇ ਬਾਅਦ ਜਾਖੜ ਨੂੰ ਏਨਾ ਅਵਾਜ਼ਾਰ ਕੀਤਾ ਗਿਆ ਕਿ ਉਹ ਨਾ ਚਾਹੁੰਦਿਆਂ ਵੀ ਭਾਜਪਾ ਵਿੱਚ ਜਾਣ ਨੂੰ ਮਜਬੂਰ ਹੋ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਕੁਰਸੀ ਖੁੱਸਦੇ ਸਾਰ ਹੀ ਪਹਿਲਾਂ ਇੱਕ ਵੱਖਰੀ ਪਾਰਟੀ ਦਾ ਫਜ਼ੂਲ ਜਿਹਾ ਢਕਵੰਜ ਬਣਾ ਕੇ ਹੌਲੀ-ਹੌਲੀ ਭਾਜਪਾ ਦੇ ਵਾੜੇ ਵਿੱਚ ਪਹੁੰਚ ਚੁੱਕਾ ਸੀ ਤੇ ਉਸੇ ਦੇ ਇਸ਼ਾਰੇ ਉੱਤੇ ਕਈ ਕਾਂਗਰਸੀ ਆਗੂ ਭਾਜਪਾ ਵੱਲੋਂ ਅਸੈਂਬਲੀ ਚੋਣ ਲੜ ਚੁੱਕੇ ਸਨ। ਰਾਣਾ ਗੁਰਮੀਤ ਸਿੰਘ ਸੋਢੀ, ਮੋਗੇ ਦਾ ਸਾਬਕਾ ਵਿਧਾਇਕ ਹਰਜੋਤ ਕਮਲ, ਕਾਦੀਆਂ ਦਾ ਸਾਬਕਾ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਉਨ੍ਹਾਂ ਆਗੂਆਂ ਦੀ ਲੰਮੀ ਲਿਸਟ ਵਿੱਚੋਂ ਹਨ, ਜਿਹੜੇ ਰਾਤੋ-ਰਾਤ ਭਾਜਪਾਈਏ ਜਾ ਬਣੇ ਸਨ। ਸਰਕਾਰ ਬਦਲ ਗਈ ਅਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਨਵੀਂ ਸਰਕਾਰ ਦੇ ਐਲਾਨ ਉੱਤੇ ਅਮਲ ਸ਼ੁਰੂ ਹੋਣ ਤੋਂ



ਪਹਿਲਾਂ ਹੀ ਗੁਰਪ੍ਰੀਤ ਸਿੰਘ ਕਾਂਗੜ, ਡਾਕਟਰ ਰਾਜ ਕੁਮਾਰ ਤੇ ਉਨ੍ਹਾਂ ਵਰਗੇ ਕਈ ਹੋਰਆਗੂ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਦੇ ਵੇਖੇ ਜਾਣ ਲੱਗ ਪਏ। ਜਿਹੜੀ ਕਸਰ ਰਹਿੰਦੀ ਜਾਪਦੀ ਸੀ, ਉਹ ਮਨਪ੍ਰੀਤ ਸਿੰਘ ਬਾਦਲ ਦੇ ਉਸ ਪਾਰਟੀ ਵਿੱਚ ਜਾਣ ਨਾਲ ਪੂਰੀ ਹੋ ਗਈ ਅਤੇ ਅਗਲੇ ਦਿਨੀਂ ਬਹੁਤ ਸਾਰੇ ਹੋਰ ਕਾਂਗਰਸੀ ਆਗੂ ਵੀ ਉਡਾਰੀਆਂ ਮਾਰ ਕੇ ਭਾਜਪਾ ਦੇ ਬਨੇਰਿਆਂ ਉੱਤੇ ਬਹਿਣ ਵਾਲੇ ਸੁਣੀਂਦੇ ਹਨ।

ਦਿੱਲੀ ਵਿੱਚ ਬੈਠੀ ਹੋਈ ਭਾਜਪਾ ਲੀਡਰਸ਼ਿਪ ਇਹ ਜਾਣਦੀ ਹੈ ਕਿ ਏਦਾਂ ਦੇ ਲੋਕ ਜਦੋਂ ਕਾਂਗਰਸ ਨੂੰ ਛੱਡ ਕੇ ਇਸ ਪਾਸੇ ਆਉਣਗੇ ਤਾਂ ਭਾਜਪਾ ਵਿੱਚ ਬੈਠੇ ਪੁਰਾਣੇ ਤੇ ਟਕਸਾਲੀ ਆਗੂ ਅਤੇ ਵਰਕਰ, ਜਿਨ੍ਹਾਂ ਦੇ ਬਾਪ-ਦਾਦੇ ਨੇ ਵੀ ਪਹਿਲਾਂ ਜਨ-ਸੰਘ ਦੇ ਸਮੇਂ ਤੋਂ ਸਾਂਝ ਨਿਭਾਈ ਹੋਈ ਸੀ, ਇਨ੍ਹਾਂ ਨਵਿਆਂ ਦੇ ਆਉਣ ਨਾਲ ਸੁਖਾਵੇਂ ਨਹੀਂ ਹੋਣਗੇ। ਕਈ ਹੋਰ ਰਾਜਾਂ ਵਿੱਚ ਭਾਜਪਾ ਦੇ ਪੁਰਾਣੇ ਆਗੂ ਅਤੇ ਵਰਕਰ ਇਸ ਕਾਂਗਰਸੀ ਵਹਿਣ ਦੇ ਓਧਰ ਆਉਣ ਦੇ ਖਿਲਾਫ ਵਿਰੋਧੀ ਸੁਰਾਂ ਕੱਢ ਚੁੱਕੇ ਹਨ, ਪਰ ਉਨ੍ਹਾਂ ਦੀ ਗੱਲ ਕੋਈ ਅਸਰ ਨਹੀਂ ਸੀ ਕਰ ਰਹੀ ਤਾਂ ਉਨ੍ਹਾਂ ਕੋਲ ਸਿਰਫ ਦੋ ਰਾਹ ਬਚਦੇ ਸਨ। ਪਹਿਲਾ ਤਾਂ ਇਹ ਕਿ ਉਹ ਖਿਝ ਕੇ ਪਾਰਟੀ ਛੱਡ ਜਾਣ ਤੇ ਦੂਸਰਾ ਇਹ ਕਿ ਪਿਉ-ਦਾਦੇ ਤੱਕ ਦੀ ਸੇਵਾ ਵਾਲੀ ਪੁਰਾਣੀ ਵਿਰਾਸਤ ਦਾ ਵਰਕਾ ਪਾੜ ਕੇ ਨਵੀਂ ਲੀਡਰਸ਼ਿਪ ਦੀ ਅੱਖ ਦਾ ਇਸ਼ਾਰਾ ਮੰਨ ਕੇ ਚੁੱਪ ਕੀਤੇ ਰਹਿਣ। ਉਨ੍ਹਾਂ ਪੁਰਾਣਿਆਂ ਵਿੱਚੋਂ ਬਹੁਤਿਆਂ ਨੇ ਇਹ ਦੂਸਰਾ ਰਾਹ ਚੁਣਿਆ ਤੇ ਨੀਵੀਂਆ ਪਾ ਚੁੱਕੇ ਹਨ, ਪਰ ਉਹ ਕਾਂਗਰਸ ਤੋਂ ਆਇਆਂ ਲੀਡਰਾਂ ਕਾਰਨ ਭਾਜਪਾ ਦੇ ਕਾਂਗਰਸ-ਯੁਕਤ ਹੋਣ ਬਾਰੇ ਆਪਣੇ ਮਨ ਦੀ ਕੌੜ ਛੁਪਾ ਨਹੀਂ ਰਹੇ। ਖੁੱਲ੍ਹਾ ਵਿਰੋਧ ਕਰਨ ਦੀ ਜੁਰਅੱਤ ਉਨ੍ਹਾਂ ਨੂੰ ਮਹਿੰਗੀ ਪੈ ਸਕਦੀ ਹੈ, ਪਾਰਟੀ ਵਿੱਚੋਂ ਕੱਢ ਦਿੱਤੇ ਜਾਣਾ ਤਾਂ ਛੋਟੀ ਗੱਲ ਹੈ, ਇਸ ਤੋਂ ਬਾਅਦ ਵੀ ਪਾਰਟੀ ਲੀਡਰਸ਼ਿਪ ਬਹੁਤ ਕੁਝ ਕਰ ਸਕਦੀ ਹੈ, ਜਿਸ ਬਾਰੇ ਬਾਹਰਲੇ ਲੋਕ ਜਾਣਦੇ ਹੋਣ ਜਾਂ ਨਾ, ਭਾਜਪਾ ਨਾਲ ਚਿਰਾਂ ਤੋਂ ਜੁੜੇ ਲੋਕਾਂ ਨੂੰ ਇਸ ਦਾ ਓਹਲਾ ਨਹੀਂ ਹੋ ਸਕਦਾ। ਇਸ ਕਰ ਕੇ ਉਹ ਅੰਦਰੋਂ ਘੁੱਟੇ-ਵੱਟੇ ਬੈਠੇ ਹਨ, ਕਦੇ ਵੀ ਬੋਲਣਗੇ ਨਹੀਂ।

ਦੂਜਾ ਪੱਖ ਆਮ ਲੋਕਾਂ ਦਾ ਹੈ। ਉਹ ਪਹਿਲਾਂ ਕਾਂਗਰਸ ਦੇ ਰਾਜ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਐਸ਼-ਪ੍ਰਸਤ ਜੁੰਡੀ ਨੂੰ ਭੁਗਤਦੇ ਰਹੇ ਸਨ ਅਤੇ ਅੱਜ ਜਦੋਂ ਉਨ੍ਹਾਂ ਬਦਨਾਮ ਹੋ ਚੁੱਕੇ ਬੰਦਿਆਂ ਨੂੰ ਭਾਜਪਾ ਦੇ ਭਗਵੇਂ ਪਟਕੇ ਪਾ ਕੇ ਪੇਸ਼ ਕੀਤਾ ਜਾਣ ਲੱਗਾ ਤਾਂ ਉਨ੍ਹਾਂ ਦੀ ਨਵੀਂ ਚੜ੍ਹਤ ਤੋਂ ਲੋਕ ਔਖ ਮਹਿਸੂਸ ਕਰਦੇ ਹਨ। ਭਾਜਪਾ ਅਗਲੇ ਸਾਲ ਲੋਕ ਸਭਾ ਚੋਣਾਂ ਵਿੱਚ ਪੁਰਾਣੇ ਘਾਗਾਂ ਦੀ ਨਵੀਂ ਟੀਮ ਅੱਗੇ ਲਿਆ ਕੇ ਲੋਕਾਂ ਵਿੱਚ ਜਾਣ ਦੀ ਤਿਆਰੀ ਵਿੱਚ ਹੈ ਤੇ ਉਸ ਦਾ ਦਾਈਆ ਹੈ ਕਿ ਜਿਵੇਂ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਰਗੇ ਰਾਜਾਂ ਵਿੱਚ ਇੱਕੋ ਹੱਲੇ ਵਿੱਚ ਸਰਕਾਰ ਬਣਾਉਣ ਦਾ ਦਾਅਵਾ ਕਰਨ ਜੋਗੀ ਹੋ ਗਈ ਸੀ, ਉਹੋ ਕੁਝ ਪੰਜਾਬ ਵਿੱਚ ਦੁਹਰਾ ਕੇ ਵਿਖਾਉਣਾ ਹੈ। ਉਸ ਨਾਲ ਨਵੇਂ ਜੁੜੇ ਲੀਡਰ ਆਖਦੇ ਹਨ ਕਿ ਪਹਿਲਾਂ ਕਦੇ ਕਾਂਗਰਸ ਦਾ ਸਿੱਕਾ ਚੱਲਦਾ ਹੁੰਦਾ ਸੀ, ਅੱਜ ਭਾਜਪਾ ਦਾ ਏਨਾ ਕੁ ਸਿੱਕਾ ਚੱਲਦਾ ਹੈ ਕਿ ਜਿਹੜਾ ਰਾਜ ਭਾਜਪਾ ਦੀ ਪਕੜ ਵਿੱਚਆ ਗਿਆ, ਫਿਰ ਓਥੇ ਮੋੜਾ ਪੈਣ ਦਾ ਸੁਫਨਾ ਹੋਰ ਰਾਜਸੀ ਧਿਰਾਂ ਦੇ ਆਗੂਆਂ ਨੂੰ ਛੱਡ ਦੇਣਾ ਚਾਹੀਦਾ ਹੈ। ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਭਾਜਪਾ ਦੀ ਜਕੜ ਵਿੱਚ ਆਉਣ ਪਿੱਛੋਂ ਵੀ ਕਾਂਗਰਸ ਦੀ ਜਿੱਤ ਹੋਣਨੂੰ ਉਹ ਪੁਰਾਣੀ ਗੱਲ ਕਹਿੰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਜਿੱਦਾਂ ਦੇ ਕਾਂਗਰਸੀ ਆਗੂਆਂ ਨੇ ਉਨ੍ਹਾਂ ਦੋਵਾਂ ਰਾਜਾਂ ਵਿੱਚ ਕਰ ਵਿਖਾਇਆ ਹੈ, ਉਹੋ ਜਿਹੀ ਲੀਡਰਸ਼ਿਪ ਪੰਜਾਬ ਦੀ ਕਾਂਗਰਸ ਵਿੱਚ ਹੈ ਨਹੀਂ ਤੇ ਜਿਹੜੇ ਲੀਡਰ ਉਹੋ ਜਿਹਾ ਪ੍ਰਭਾਵ ਪਾ ਸਕਦੇ ਸਨ, ਉਹ ਭਾਜਪਾ ਵਿੱਚ ਜਾ ਚੁੱਕੇ ਹੋਣ ਕਾਰਨ ਅਗਲਾ ਵਕਤ ਪੰਜਾਬ ਵਿੱਚ ਸਿਰਫ ਭਾਜਪਾ ਦਾ ਹੈ। ਜਦੋਂ ਭਾਜਪਾ ਦਾ ਭਗਵਾਂ ਰੰਗ ਚੜ੍ਹ ਚੁੱਕੇ ਪੁਰਾਣੇ ਕਾਂਗਰਸੀ ਆਗੂਆਂ ਦੇ ਸੁਫਨੇ ਏਹੋ ਜਿਹੇ ਹਨ ਤਾਂ ਭਾਜਪਾ ਨੂੰ ਕਾਂਗਰਸ-ਮੁਕਤ ਕਰਨ ਦੀ ਗੱਲ ਕਹਿ ਕੇ ਕਾਂਗਰਸ-ਯੁਕਤ ਕਰਨ ਵਾਲੇ ਭਾਜਪਾ ਆਗੂਆਂ ਦੇ ਸੁਫਨੇ ਇਸ ਤੋਂ ਵੀ ਵੱਡੇ ਹਨ। ਭਾਰਤ ਦੇ ਦੋ ਵੱਡੇ ਸਰਮਾਏਦਾਰ ਘਰਾਣੇ ਵਿਕਾਸ ਪ੍ਰਾਜੈਕਟਾਂ ਵਾਸਤੇ ਇਸ ਵਕਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਵਾਜ਼ ਦਾ ਹੁੰਗਾਰਾ ਭਰਦੇ ਸੁਣੇ ਜਾ ਰਹੇ ਹਨ, ਪਰ ਉਹ ਅਸਲ ਵਿੱਚ ਭਗਵੰਤ ਮਾਨ ਦੇ ਆਖੇ ਪੰਜਾਬ ਦਾ ਵਿਕਾਸ ਕਰਨ ਲਈ ਨਹੀਂ ਆ ਰਹੇ, ਉਹ ਅਗਲੀਆਂ ਚੋਣਾਂ ਦੌਰਾਨ ਭਾਜਪਾ ਦੀ ਰਣਨੀਤੀ ਸਿਰੇ ਲਾਉਣ ਲਈ ਆਉਣ ਵਾਲੇ ਸੁਣੀਂਦੇ ਹਨ।

ਇਹ ਵਕਤ ਪੰਜਾਬ ਦੀ ਹਰ ਪਾਰਟੀ ਦੀ ਲੀਡਰਸ਼ਿਪ ਨੂੰ ਵਾਹਵਾ ਸੋਚ ਕੇ ਕਦਮ ਪੁੱਟਣਾ ਪੈਣਾ ਹੈ, ਪਰ ਮੁਸ਼ਕਲ ਇਹ ਹੈ ਕਿ ਜਦੋਂ ਸਭ ਦੀ ਸੋਚ ਸਿਰਫ ਕੁਰਸੀ ਤੱਕ ਸੀਮਤ ਹੋਵੇ ਤਾਂ ਬਾਕੀ ਗੱਲਾਂ ਬਾਰੇ ਕੋਈ ਸੋਚਦਾ ਨਹੀਂ ਹੁੰਦਾ।

# ਜਾਨਲੇਵਾ ਚਾਈਨਾ ਡੋਰ 'ਤੇ ਪਾਬੰਦੀ ਜ਼ਰੂਰੀ



ਹਰਪ੍ਰੀਤ ਸਿੰਘ ਬਰਾੜ



ਭਾਰਤ ਵਿੱਚ ਪਤੰਗ ਉਡਾਉਣ ਦਾ ਰਿਵਾਜ ਨਵਾਂ ਨਹੀਂ ਸਗੋਂ ਇਹ ਹਜਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਬਸੰਤ ਪੰਚਮੀ 'ਤੇ ਲਾਹੌਰ ਅਤੇ ਅਮ੍ਰਿਤਸਰ ਦੀ ਪਤੰਗਬਾਜੀ ਵੇਖਣ ਲਈ ਅਤੇ ਪਤੰਗਾ ਉਡਾਉਣ ਲਈ ਲੋਕ ਦੂਰ -ਦੁਰਾਡਿਓਂ ਖਾਸ ਤੌਰ 'ਤੇ ਆਉਂਦੇ ਹਨ।ਗੁਜਰਾਤ ਵਿੱਚ ਵੀ ਪਤੰਗ ਉਡਾਉਣ ਦੇ ਮੁਕਾਬਲੇ ਹੁੰਦੇ ਹਨ ਪਰ ਇਸ ਗੱਲ 'ਤੇ ਹੈਰਾਨੀ ਹੁੰਦੀ ਹੈ ਕਿ ਭਾਰਤੀ ਡੋਰ ਦੇ ਨਾਲ ਅਸਮਾਨ ਵਿੱਚ ਛਾ ਜਾਣ ਵਾਲੇ ਪਤੰਗਬਾਜ ਹੁਣ ਕਿਸੇ ਸਾਜਿਸ਼ ਦੇ ਤਹਿਤ ਚੀਨੀ ਡੋਰ ਦੇ ਗੁਲਾਮ ਹੁੰਦੇ ਜਾ ਰਹੇ ।ਚੀਨ ਵੱਲੋਂ ਤਿਆਰ ਕੱਪੜਿਆਂ, ਮੋਬਾਇਲ ਅਤੇ ਬਿਜਲੀ ਦੇ ਸਮਾਨ ਨੇ ਸਾਡੀਆ ਵਪਾਰ ਮੰਡੀਆਂ 'ਤੇ ਕਬਜਾ ਕਰ ਲਿਆ ਹੈ ।ਹੁਣ ਤਾਂ ਹਾਲਾਤ ਇਹ ਹੋ ਗਏ ਹਨ ਕਿ ਦੀਵਾਲੀ ਵਾਲੇ ਦਿਨ ਲੋਕਾਂ ਦੇ ਘਰਾਂ ਦੇ ਬਾਹਰ ਦਾ ਚਾਨਣ ਅਤੇ ਘਰਾਂ ਦੇ ਅੰਦਰ ਦੀ ਪੂਜਾ ਸਭ ਚੀਨ ਤੋਂ ਬਣ ਕੇ ਆਈਆਂ ਬਿਜਲੀ ਦੀਆਂ ਲੜੀਆਂ ਅਤੇ ਮੂਰਤੀਆਂ ਨਾਲ ਹੋਣ ਲੱਗ ਪਈ ਹੈ। ਸਸਤੇ ਹੋਣ ਕਾਰਨ ਤੋਹਫਿਆਂ ਦੇ ਲੈਣ -ਦੇਣ ਵਿਚ ਵੀ ਚੀਨ ਤੋਂ ਬਣ ਕੇ ਆਈਆਂ ਵਸਤਾਂ ਦੀ ਜਿਆਦਾ ਵਰਤੋਂ ਕੀਤੀ ਜਾਂਦੀ ਹੈ।ਇਸੇ ਕਾਰਨ ਭਾਰਤੀ ਵਪਾਰ ਅਤੇ ਵਪਾਰੀਆਂ ਦੀ ਆਮਦ 'ਤੇ ਮਾੜਾ ਪ੍ਰਭਾਵ ਪਿਆ ਹੈ।ਹਾਲਾਂਕਿ ਡੋਕਲਾਮ ਵਿਵਾਦ ਅਤੇ ਚੀਨ ਦੀ ਸਰਹੱਦ 'ਤੇ ਛੇੜਖਾਨੀ ਤੋਂ ਬਾਅਦ ਸਾਡੇ ਲੋਕਾਂ ਨੂੰ ਥੋੜੀ ਅਕਲ ਆਈ ਹੈ ਅਤੇ ਇਨ੍ਹਾਂ ਨੇ ਚੀਨੀ ਸਮਾਨ ਦੀ ਵਰਤੋਂ ਘੱਟ ਕੀਤੀ ਹੈ ਪਰ ਫਿਰ ਵੀ ਸਾਡੇ ਮੁਲਕ ਵਿੱਚ ਚੀਨੀ ਸਮਾਨ ਦੀ ਖਰੀਦਦਾਰੀ ਜਾਰੀ ਹੀ ਹੈ।ਹੁਣ ਚੀਨ ਤੋਂ ਬਣ ਕੇ ਆਉਣ ਵਾਲੀ ਚਾਈਨਾ ਡੋਰ ਵੀ ਖਤਰਨਾਕ ਸਾਬਤ ਹੋ ਰਹੀ ਹੈ। ਲਗਪਗ ਛੇ ਸਾਲ ਪਹਿਲਾ ਚਾਈਨਾ ਡੋਰ ਦੀ ਧਮਕ ਭਾਰਤੀ ਘਰਾਂ ਅਤੇ ਬਾਜਾਰਾਂ ਵਿੱਚ ਸੁਣਾਈ ਦਿੱਤੀ ਸੀ।ਬੱਚੇ ਅਤੇ ਨੌਜੁਆਨ ਸਾਰੇ ਪਤੰਗ ਉਡਾਉਣ ਤੋਂ ਪਹਿਲਾਂ ਚਾਈਨਾ ਡੋਰ ਬੜੇ ਸ਼ੌਂਕ ਨਾਲ ਲਿਆਉਂਦੇ ਹਨ। ਹੋ ਸਕਦਾ ਕਿ ਸ਼ੁਰੂ-ਸ਼ੁਰੂ ਵਿੱਚ ਇਹ ਡੋਰ ਸਸਤੀ ਵਿਕਦੀ ਹੋਵੇ ਅਤੇ ਪਲਾਸਟਿਕ ਤੋਂ ਬਣੀ ਹੋਣ ਕਾਰਨ ਇਹ ਭਾਰਤੀ ਧਾਗੇ ਤੋਂ ਬਣੀ ਡੋਰ ਨਾਲ ਉੱਡ ਰਹੀਆਂ ਪਤੰਗਾ ਨੂੰ ਆਸਾਨੀ ਨਾਲ ਕੱਟਣ ਵਿੱਚ ਵਧੀਆ ਸਾਬਤ ਹੁੰਦੀ ਹੋਵੇ ਪਰ ਉਦੋਂ ਕਿਸੇ ਨੇ ਇਹ ਨਹੀਂ ਸੋਚਿਆ ਕਿ ਪਤੰਗ ਦੀ ਇਹ ਡੋਰ ਕਈ ਲੋਕਾਂ ਦੀ ਜਿੰਦਗੀ ਦੀ ਡੋਰ ਵੀ ਕੱਟ ਸਕਦੀ ਹੈ ਅਤੇ ਇਸ ਤੋਂ ਲੋਕਾਂ ਦੇ ਹੱਥ ਪੈਰ ਅਤੇ ਇਥੋਂ ਤੱਕ ਕਿ ਗਰਦਨ ਵੀ ਕੱਟ ਸਕਦੀ ਹੈ।ਬਹੁਤ ਹੈਰਾਨੀ ਦੀ ਗੱਲ ਹੈ ਕਿ ਹੁਣ ਤੱਕ ਪੰਜਾਬ ਸਰਕਾਰ ਅਤੇ ਹੋਰ ਸੂਬਾ ਸਰਕਾਰਾਂ ਨੇ ਇਸ ਡੋਰ ਦੀ ਵਿਕਰੀ ਅਤੇ ਵਰਤੋਂ 'ਤੇ ਰੋਕ ਕਿਉਂ ਨਹੀਂ ਲਗਾਈ ? ਸਵਾਲ ਇਹ ਹੈ ਕਿ ਭਾਰਤ ਸਰਕਾਰ ਨੇ ਦੇਸ਼ ਵਿੱਚ ਐਨੀ ਖਤਰਨਾਕ ਵਸਤੂ ਆਉਣ ਤੋਂ ਕਿਉਂ ਨਹੀਂ ਰੋਕੀ? ਕੀ ਸਰਕਾਰ ਇਸ ਗੱਲੋਂ ਅਨਜਾਣ ਹੈ ਕਿ ਬੱਚੇ ਅਤੇ ਨੌਜੁਆਨ ਇਸ ਦੀ ਵਰਤੋਂ ਕਾਰਨ ਜਖਮੀ ਹੋ ਚੁੱਕੇ ਹਨ ਅਤੇ ਇਸ ਦੇ ਨਾਲ ਹੀ ਕਿੰਨੇ ਹੀ ਪੰਛੀ ਅਤੇ ਪਸ਼ੂ ਵੀ ਇਸ ਦਾ ਸ਼ਿਕਾਰ ਹੋ ਚੁੱਕੇ ਹਨ? ਇਸ ਤੋਂ ਇਲਾਵਾ ਬਿਜਲੀ ਵਿਭਾਗ ਦੇ ਮੁਲਾਜਮ ਅਤੇ ਇੰਜੀਨੀਅਰ ਵੀ ਇਸ ਡੋਰ ਤੋਂ ਪ੍ਰੇਸ਼ਾਨ ਹਨ।ਇਸ ਡੋਰ ਕਾਰਨ ਬਿਜਲੀ ਮਹਿਕਮੇ ਨੂੰ ਬਹੁਤ ਸਾਰੀਆਂ ਮੁਸ਼ਕਲਾ ਪੇਸ਼ ਆ ਰਹੀਆ ਹਨ। ਨਮੀਂ ਦੇ ਮੌਸਮ 'ਚ ਇਸ ਡੋਰ ਤੋਂ ਕਰੰਟ ਪੈਦਾ ਹੁੰਦਾ ਹੈ ਜਿਸ ਨਾਲ ਜਾਨ ਜਾਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਇਹੀ ਨਹੀਂ ਬਲਕਿ ਇਸ ਕਾਰਨ ਕਈ ਵਾਰ ਸ਼ਾਰਟ ਸਰਕਟ ਦੀ ਸਮੱਸਿਆ ਵੀ ਆਉਂਦੀ ਹੈ, ਬਿਜਲੀ ਨਿਗਮ ਦੇ ਕੁਝ ਅਧਿਕਾਰੀਆਂ ਨੇ ਆਪਣੇ - ਆਪਣੇ ਖੇਤਰ ਦੇ ਡਿਪਟੀ ਕਮੀਸ਼ਨਰਾਂ ਨਾਲ ਵੀ ਇਸ ਵਿਸ਼ੇ ਸਬੰਧੀ ਚਰਚਾ ਕੀਤੀ ਹੈ ਪਰ ਫਿਰ ਵੀ ਕਿਤੇ ਵੀ ਚਾਈਨਾ ਡੋਰ 'ਤੇ ਰੋਕ ਨਹੀਂ ਲਗਾਈ ਗਈ।ਜਾਣਕਾਰੀ ਮੁਤਾਬਕ ਚਾਈਨਾ ਡੋਰ ਕਾਰਨ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਵਿੱਚ ਕਾਫੀ ਮੁਸ਼ਕਲ ਆਉਂਦੀ ਹੈ। ਭਾਰਤ ਸਰਕਾਰ ਇਸ ਜਾਨਲੇਵਾ ਵਸਤੂ ਨੂੰ ਦੇਸ਼ ਵਿੱਚ ਕਿਉਂ ਆਉਣ ਦੇ ਰਹੀ ਹੈ ?ਪਤੰਗ ਤਾਂ ਸਾਰੇ ਦੇਸ਼ ਵਿੱਚ ਹੀ ਉਡਾਈ ਜਾਂਦੀ ਹੈ ਅਤੇ ਚੀਨ ਤੋਂ ਆਈਆਂ ਵਸਤੂਆਂ ਪੂਰੇ ਦੇਸ਼ ਵਿੱਚ ਹੀ ਵਿਕਦੀਆਂ ਹਨ।ਭਾਰਤ ਸਰਕਾਰ ਨੂੰ ਸਾਰੇ ਦੇਸ਼ ਵਿੱਚ ਚਾਈਨਾ ਡੋਰ 'ਤੇ ਪਾਬੰਦੀ ਲਗਾਉਣ ਦੀ ਲੋੜ ਹੈ। ਪੰਜਾਬ ਅਤੇ ਹੋਰ ਸੂਬਿਆਂ ਦੀਆਂ ਸਰਕਾਰਾ ਨੂੰ ਆਪਣੇ ਪੱਧਰ 'ਤੇ ਇਸ ਦੀ ਵਿਕਰੀ ਅਤੇ ਵਰਤੋਂ 'ਤੇ ਸਖਤ ਸਜਾ ਦੀ ਵਿਵਸਥਾ ਕਰਨੀ ਚਾਹੀਦੀ ਹੈ। ਇਹ ਚੰਗੀ ਗੱਲ ਹੈ ਕਿ ਸਿੱਖਿਆ ਜਗਤ ਵਿਚ ਚਾਈਨਾ ਡੋਰ ਖਿਲਾਫ ਕ੍ਰਾਂਤੀ ਸ਼ੁਰੂ ਹੋਈ ਹੈ। ਪਹਿਲਾ ਦੀਵਾਲੀ ਮੌਕੇ ਸਕੂਲੀ ਬੱਚਿਆਂ ਨੇ ਪਟਾਖੇ ਨਾ ਚਲਾਉਣਾ ਅਤੇ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦਾ ਸੰਕਲਪ ਲਿਆ ਸੀ।ਹੁਣ ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿੱਚ ਅਧਿਆਪਕ ਅਤੇ ਬੱਚੇ ਪ੍ਰਣ ਲੈ ਰਹੇ ਹਨ ਕਿ ਉਹ ਪਤੰਗ ਤਾਂ ਉਡਾਉਣਗੇ ਪਰ ਭਾਰਤੀ ਡੋਰ ਦੀ ਹੀ ਵਰਤੋਂ ਕਰਣਗੇ। ਅਧਿਆਪਕਾਂ ਨੂੰ ਲਗਾਤਾਰ ਵਿਦਿਆਰਥੀਆਂ ਨੂੰ ਇਸ ਵਿਸ਼ੇ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ। ਕਿੰਨਾ ਚੰਗਾ ਹੋਵੇਗਾ ਜੇਕਰ ਮੰਦਰ -ਗੁਰਦੁਆਰਿਆਂ ਅਤੇ ਹੋਰ ਧਾਰਮਕ ਸਥਾਨਾਂ 'ਤੇ ਵੀ ਅਜਿਹੇ ਵਿਚਾਰ ਕੀਤੇ ਜਾਣ।ਨੇਤਾ ਵੀ ਇਕ ਮਿਸਾਲ ਬਣਕੇ ਪੇਸ਼ ਕਰਨ।ਦੇਖਣ ਵਿੱਚ ਇਹ ਵੀ ਆ ਰਿਹਾ ਹੈ ਕਿ ਪਹਿਲਾਂ ਤਾਂ ਦੁਕਾਨਾਂ 'ਤੇ ਇਹ ਡੋਰ ਚੋਰੀ ਛੁਪੇ ਵੇਚੀ ਜਾਂਦੀ ਸੀ ਪਰ ਹੁਣ ਘਰਾਂ ਵਿੱਚ ਵੀ ਇਸ ਨੂੰ ਛੁਪਾ ਕੇ ਬਲੈਕ ਵਿੱਚ ਮਹਿੰਗੇ ਭਾਅ ਵੇਚਿਆ ਜਾ ਰਿਹਾ ਹੈ ਅਤੇ ਸੂਤਰਾਂ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪੁਲਿਸ ਦੀ ਸ਼ਾਮੂਲੀਅਤ ਨਾਲ ਹੀ ਇਸਦੀ ਵਿਕਰੀ ਹੋ ਰਹੀ ਹੈ ।ਖਾਨਾਪੂਰਤੀ ਲਈ ਪੁਲਿਸ ਇੱਕੇ -ਦੁੱਕੇ ਲੋਕਾਂ ਨੂੰ ਫੜ ਵੀ ਲੈਂਦੀ ਹੈ ਪਰ ਉਨ੍ਹਾਂ ਤੋਂ ਬਰਾਮਦ ਚਾਈਨਾ ਡੋਰ ਦੇ ਗੱਟੂਆਂ ਦਾ ਅੱਧਾ ਹਿੱਸਾ ਹੀ ਜਬਤ ਹੋਇਆ ਪੇਸ਼ ਕਰਕੇ ਬਾਕੀ ਦਾ ਅੱਧਾ ਹਿੱਸਾ ਵੇਚ ਦਿੱਤਾ ਜਾਂਦਾ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਵੀ ਰਾਸ਼ਟਰੀ ਪੱਧਰ 'ਤੇ ਚਾਈਨਾ ਡੋਰ ਜਾਂ ਕਿਸੇ ਹੋਰ ਤਰ੍ਹਾਂ ਦੇ ਸਿੰਥੈਟਿਕ ਨਾਲ ਬਣੀ ਡੋਰ ਦੇ ਇਸਤੇਮਾਲ 'ਤੇ ਪੂਰਣ ਰੂਪ 'ਤੇ ਪਾਬੰਦੀ ਲਗਾਈ ਹੋਈ ਹੈ।ਮੇਰੇ ਖਿਆਲ ਵਿੱਚ ਸਿਰਫ ਪਾਬੰਦੀਆਂ ਲਗਾਉਣਾ ਹੀ ਕਾਫੀ ਨਹੀਂ ਹੈ, ਇਸ ਖੂਨੀ ਧਾਗੇ ਦੇ ਨਿਰਮਾਣ 'ਤੇ ਹੀ ਪਾਬੰਦੀ ਲਗਾਉਣੀ ਚਾਹੀਦੀ ਹੈ ਸਿਰਫ ਸਪਲਾਈ ਬੰਦ ਕਰਵਾਉਣ ਨਾਲ ਇਸ ਸਮੱਸਿਆ ਦਾ ਹੱਲ ਨਹੀਂ ਹੋਵੇਗਾ ਕਿਉਂਕਿ ਜਦੋਂ ਤੱਕ ਇਸਦੀ ਨਿਰਮਾਣ ਹੀ ਬੰਦ ਨਹੀਂ ਕੀਤਾ ਜਾਵੇਗਾ ਕਿਤੋਂ ਨਾ ਕਿਤੋਂ ਚੋਰਮੋਰੀਆਂ ਵਿੱਚੋਂ ਇਸਦੀ ਪੂਰਤੀ ਹੁੰਦੀ ਹੀ ਰਹੇਗੀ।ਕੁਝ ਸਮਾਜ ਸੇਵੀ ਸੰਸਥਾਵਾ ਵੀ ਇਸ ਦੇ ਖਿਲਾਫ ਖੜੀਆਂ ਹੋਈਆਂ ਨੇ ਜੋ ਆਪਣੇ ਪੱਧਰ 'ਤੇ ਇਸ ਦੇ ਜਾਨਲੇਵਾ ਹਮਲਿਆਂ ਬਾਰੇ ਲੋਕਾਂ ਅਤੇ ਸਰਕਾਰਾਂ ਨੂੰ ਚੇਤੇ ਕਰਵਾਕੇ ਸਮਾਜ ਸੇਵਾ ਹਿੱਤ ਕੰਮ ਕਰ ਰਹੀਆਂ ਨੇ । ਮੇਰੀ ਹੋਰ ਵੀ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਬੇਨਤੀ ਹੈ ਕਿ ਉਹ ਵੀ ਇੱਕ ਜੁੱਟ ਹੋ ਕੇ ਇਸ ਬਾਰੇ ਕੰਮ ਕਰਨ 'ਚ ਸਹਿਯੋਗ ਕਰਨ। ਇੱਕ ਹੋਰ ਗੱਲ ਵੀ ਹੈ ਕਿ ਇਕ ਗੰਭੀਰ ਸਵਾਲ ਇਹ ਵੀ ਹੈ ਕਿ ਜਦੋਂ ਕੁਝ ਜਿਲ੍ਹਿਆਂ ਦੇ ਡਿਪਟੀ ਕਮੀਸ਼ਨਰਾਂ ਨੇ ਆਪਣੇ ਆਪਣੇ ਖੇਤਰ ਵਿੱਚ ਇਸ ਡੋਰ ਦੀ ਵਿਕਰੀ 'ਤੇ ਪਾਬੰਦੀ ਲਗਾਈ ਹੈ ਤਾ ਅਜਿਹੀ ਕਿਹੜੀ ਸਪਲਾਈ ਲਾਈਨ ਹੈ ਜਿੜੀ ਬਿਨ੍ਹਾ ਕਾਨੂੰਨ ਦੇ ਡਰ ਤੋਂ ਚਾਈਨਾ ਡੋਰ ਨੂੰ ਵੇਚ ਰਹੀ ਹੈ।

# ਬਾਬਿਆਂ ਦੀ ਝੂਠੀ ਤਾਕਤ, ਅੰਧਵਿਸ਼ਵਾਸ ਦੀ ਦਲਦਲ

ਅਸੀਂ ਰੋਜ਼ਾਨਾ ਅਜਿਹੇ ਕਾਰਨਾਮੇ ਦੇਖ ਕੇ ਸਮਝ ਸਕਦੇ ਹਾਂ ਕਿ ਸਾਡਾ ਦੇਸ਼ ਵਿਗਿਆਨਕ ਨਜ਼ਰੀਏ ਤੋਂ ਕਿੰਨਾ ਪਛੜਿਆ ਹੋਇਆ ਹੈ, ਕਈ ਵਾਰ ਸਾਡੇ ਭਾਰਤ ਦੀਆਂ ਔਰਤਾਂ ਵਿੱਚ ਮਾਵਾਂ ਦਿਖਾਈ ਦਿੰਦੀਆਂ ਹਨ ਅਤੇ ਕਦੇ ਮਰਦਾਂ ਵਿੱਚ ਇੰਝ ਦਿਖਾਈ ਦਿੰਦੀਆਂ ਹਨ, ਇਸ ਸਭ ਦੇ ਬਾਅਦ ਵਹਿਮਾਂ ਭਰਮਾਂ ਅਤੇ ਸਾਡੇ ਦੇਸ਼ ਵਿੱਚ ਪਖੰਡ ਕਿਸ ਦਲਦਲ ਵਿੱਚ ਧਕੇਲਿਆ ਜਾਵੇਗਾ? ਅਸੀਂ ਇਸ ਦੀ ਕਲਪਨਾ ਵੀ ਨਹੀਂ ਕਰ ਸਕਦੇ ਅਤੇ ਭਾਰਤ ਦੇ ਕਰੋੜਾਂ ਲੋਕ ਉਨ੍ਹਾਂ ਵਰਗੇ ਪਾਖੰਡੀਆਂ ਦੇ ਜਾਲ ਵਿੱਚ ਫਸ ਕੇ ਅੰਧਵਿਸ਼ਵਾਸ ਅਤੇ ਪਾਖੰਡ ਦੀ ਦਲਦਲ ਵਿੱਚ ਡੁੱਬ ਰਹੇ ਹਨ। -ਪ੍ਰਿਅੰਕਾ ਸੌਰਭ

ਜੇਕਰ ਕੋਈ ਪੜ੍ਹਿਆ-ਲਿਖਿਆ ਵਿਅਕਤੀ ਆਪਣੇ ਆਪ ਨੂੰ ਅੰਧਵਿਸ਼ਵਾਸ, ਮਨੂਵਾਦ, ਪਾਖੰਡ ਦੀ ਦਲਦਲ ਵਿੱਚੋਂ ਬਾਹਰ ਨਹੀਂ ਕੱਢ ਸਕਿਆ ਤਾਂ ਉਸ ਦੇ ਪੜ੍ਹੇ-ਲਿਖੇ ਹੋਣ ਦਾ ਕੋਈ ਮਤਲਬ ਨਹੀਂ। ਕਿਸੇ ਮਹਾਂਪੁਰਖ ਨੇ ਕਿਹਾ ਸੀ ਕਿ ਵਿੱਦਿਆ ਸ਼ੇਰਨੀ ਦਾ ਦੁੱਧ ਹੈ, ਜਿੰਨਾ ਇਹ ਪੀਵੇਗੀ, ਓਨੀ ਹੀ ਗਰਜਦੀ ਹੈ। ਇਸ ਨੂੰ ਅੰਧਵਿਸ਼ਵਾਸ ਦੀ ਦਲਦਲ ਵਿੱਚ ਨਾ ਧੱਕੋ। ਸਵਾਮੀ ਵਿਵੇਕਾਨੰਦ ਨੇ ਕਿਹਾ ਸੀ- "ਮੈਂ ਤੁਹਾਨੂੰ ਲੋਕਾਂ ਨੂੰ ਅੰਧਵਿਸ਼ਵਾਸੀ ਮੂਰਖਾਂ ਦੀ ਬਜਾਏ ਕੱਟੜ ਨਾਸਤਿਕ ਦੇ ਰੂਪ ਵਿੱਚ ਦੇਖਣਾ ਪਸੰਦ ਕਰਾਂਗਾ। ਇੱਕ ਨਾਸਤਿਕ ਜ਼ਿੰਦਾ ਹੈ, ਉਹ ਕਿਸੇ ਕੰਮ ਦਾ ਹੋ ਸਕਦਾ ਹੈ। ਪਰ ਜਦੋਂ ਅੰਧਵਿਸ਼ਵਾਸ ਜਕੜ ਲੈਂਦਾ ਹੈ, ਦਿਮਾਗ ਲਗਭਗ ਮਰ ਜਾਂਦਾ ਹੈ।" ਅਜਿਹਾ ਹੁੰਦਾ ਹੈ, ਬੁੱਧੀ। ਜੰਮ ਜਾਂਦਾ ਹੈ ਅਤੇ ਮਨੁੱਖ ਪਤਨ ਦੀ ਦਲਦਲ ਵਿੱਚ ਡੂੰਘੇ ਅਤੇ ਡੂੰਘੇ ਡੁੱਬਦਾ ਜਾਂਦਾ ਹੈ। ਅਤੇ ਅੱਗੇ, "ਇਹ ਕਿਤੇ ਬਿਹਤਰ ਹੈ ਕਿ ਲੋਕ ਤਰਕ ਅਤੇ ਤਰਕ ਦੀ ਪਾਲਣਾ ਕਰਕੇ ਨਾਸਤਿਕ ਬਣ ਜਾਣ - ਇਸ ਨਾਲੋਂ ਕਿ ਕਿਸੇ ਦੇ ਕਹੇ ਹੋਏ ਵੀਹ ਕਰੋੜ ਦੇਵੀ-ਦੇਵਤਿਆਂ ਦੀ ਅੰਨ੍ਹੇਵਾਹ ਪੂਜਾ ਸ਼ੁਰੂ ਕਰ ਦੇਣ।" ਅਸੀਂ ਰੋਜ਼ਾਨਾ ਅਜਿਹੇ ਕਾਰਨਾਮੇ ਦੇਖ ਕੇ ਸਮਝ ਸਕਦੇ ਹਾਂ ਕਿ ਸਾਡਾ ਦੇਸ਼ ਵਿਗਿਆਨਕ ਨਜ਼ਰੀਏ ਤੋਂ ਕਿੰਨਾ ਪਛੜਿਆ ਹੋਇਆ ਹੈ, ਕਈ ਵਾਰ ਸਾਡੇ ਭਾਰਤ ਦੀਆਂ ਔਰਤਾਂ ਵਿੱਚ ਮਾਵਾਂ ਦਿਖਾਈ ਦਿੰਦੀਆਂ ਹਨ ਅਤੇ ਕਦੇ ਮਰਦਾਂ ਵਿੱਚ ਇੰਝ ਦਿਖਾਈ ਦਿੰਦੀਆਂ ਹਨ, ਇਸ ਸਭ ਦੇ ਬਾਅਦ ਵਹਿਮਾਂ ਭਰਮਾਂ ਅਤੇ ਸਾਡੇ ਦੇਸ਼ ਵਿੱਚ ਪਖੰਡ ਕਿਸ ਦਲਦਲ ਵਿੱਚ ਧਕੇਲਿਆ ਜਾਵੇਗਾ? ਅਸੀਂ ਇਸ ਦੀ ਕਲਪਨਾ ਵੀ ਨਹੀਂ ਕਰ ਸਕਦੇ ਅਤੇ ਭਾਰਤ ਦੇ ਕਰੋੜਾਂ ਲੋਕ ਉਨ੍ਹਾਂ ਵਰਗੇ ਪਾਖੰਡੀਆਂ ਦੇ ਜਾਲ ਵਿੱਚ ਫਸ ਕੇ ਅੰਧਵਿਸ਼ਵਾਸ ਅਤੇ ਪਾਖੰਡ ਦੀ ਦਲਦਲ ਵਿੱਚ ਡੁੱਬ ਰਹੇ ਹਨ।

ਸਾਡੇ ਦੇਸ਼ ਵਿੱਚ ਔਰਤਾਂ ਦੇ ਦੁੱਖ ਦੀ ਹਾਲਤ ਇਹ ਹੈ ਕਿ ਉਨ੍ਹਾਂ ਦੀਆਂ ਖੁਸ਼ੀਆਂ ਭਾਵੇਂ ਵੱਖਰੀਆਂ ਹੋਣ ਪਰ ਉਨ੍ਹਾਂ ਦਾ ਦੁੱਖ ਲਗਭਗ ਇੱਕੋ ਜਿਹਾ ਹੈ। ਇਸੇ ਲਈ ਇਨ੍ਹਾਂ ਬਾਬਿਆਂ ਲਈ ਔਰਤਾਂ ਦੇ ਦੁੱਖਾਂ ਦਾ ਮੁਲਾਂਕਣ ਕਰਨਾ ਔਖਾ ਨਹੀਂ, ਬਾਬੇ ਇਨ੍ਹਾਂ ਨੂੰ ਦੁੱਖ ਦੱਸਦੇ ਹਨ ਅਤੇ ਇਸ ਨੂੰ ਚਮਤਕਾਰ ਮੰਨ ਕੇ ਜ਼ਿਆਦਾਤਰ ਔਰਤਾਂ ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਦੇ ਨਾਂ 'ਤੇ ਜਾਦੂ-ਟੂਣੇ ਕਰਨ ਲੱਗ ਜਾਂਦੀਆਂ ਹਨ। ਜਿਸ ਦਾ ਖਮਿਆਜ਼ਾ ਸਭ ਤੋਂ ਵੱਧ ਇਲਾਕੇ ਦੀ ਉਸ ਸੜਕ 'ਤੇ ਭੁਗਤਣਾ ਪੈਂਦਾ ਹੈ, ਜਿਸ 'ਤੇ ਸਵੇਰੇ-ਸਵੇਰੇ ਕਦੇ ਬਾਤੇ, ਕਦੇ ਨਿੰਬੂ ਅਤੇ ਕਦੇ ਦੀਵੇ ਪਾਏ ਜਾਂਦੇ ਹਨ ਅਤੇ ਉਸ ਦਿਨ ਵੀ ਜੇਕਰ ਕਿਸੇ ਘਰ 'ਚ ਕਿਸੇ ਨੂੰ ਸਿਰਦਰਦ ਹੋ ਜਾਵੇ ਤਾਂ ਦੋਸ਼ ਸਿਰ 'ਤੇ ਆ ਜਾਂਦਾ ਹੈ . ਇਹਨਾਂ ਨਿੰਬੂਆਂ ਅਤੇ ਬਟਾਸ਼ਿਆਂ ਦਾ..

ਇਹ ਸਭ ਕੁਝ 20 ਸਾਲ ਪਹਿਲਾਂ ਉਤਸੁਕਤਾ ਨਾਲ ਭਰਿਆ ਹੋਇਆ ਸੀ ਕਿ ਇਲਾਕੇ ਦੇ ਕਿਸੇ ਨਾ ਕਿਸੇ ਘਰ ਤੋਂ ਟੋਟਕੇ ਦੀ ਖ਼ਬਰ ਰੋਜ਼ਾਨਾ ਆਉਂਦੀ ਸੀ ਅਤੇ ਸਾਡੇ ਵਰਗੇ ਬੱਚੇ ਜੋ ਸਾਇੰਸ ਪੜ੍ਹਦੇ ਹਨ ਜਾਂ ਪੜ੍ਹਦੇ ਹਨ, ਉਹ ਵੀ ਇਸ 'ਤੇ ਵਿਸ਼ਵਾਸ ਕਰਦੇ ਸਨ। ਸਾਡੇ ਕੋਲ ਭਰੋਸਾ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਕਿਉਂਕਿ ਅਜਿਹੀਆਂ ਗੱਲਾਂ ਸਾਡੀ ਪਰਵਰਿਸ਼ ਦਾ ਹਿੱਸਾ ਸਨ। ਸ਼ਾਇਦ ਹੁਣ ਹੋਰ ਵੀ ਘੱਟ ਗਿਆ ਹੈ। ਪਰ ਪਹਿਲਾਂ ਪਲੇਟਫਾਰਮ ਅਜਿਹੇ ਪਾਖੰਡੀਆਂ ਨਾਲ ਗੂੰਜਦੇ ਰਹੇ ਹੋਣਗੇ। ਇੱਕ ਵਾਰ ਮੇਰੇ ਇੱਕ ਰਿਸ਼ਤੇਦਾਰ ਦੇ ਚਬੂਤਰੇ 'ਤੇ ਆਏ ਇੱਕ ਬਾਬੇ ਨੇ ਪੜ੍ਹੇ ਲਿਖੇ ਪਰਿਵਾਰ ਦੀਆਂ ਬੀਬੀਆਂ ਨੂੰ ਦੁਪਹਿਰ ਵੇਲੇ ਸੋਨੇ ਦੀ ਚੇਨ ਦੋ ਟੁੱਕ ਕਰਨ ਦਾ ਝਾਂਸਾ ਦੇ ਕੇ ਠੱਗ ਲਿਆ ਸੀ। ਮੇਰੇ ਮਨ ਵਿਚ ਅਜਿਹੇ ਪਾਖੰਡੀਆਂ ਦੀਆਂ ਹਜ਼ਾਰਾਂ ਕਹਾਣੀਆਂ ਹਨ ਅਤੇ ਮੇਰੇ ਨਾਲ ਜੁੜੇ ਲੋਕ ਜੋ ਇਹ ਪੜ੍ਹ ਰਹੇ ਹਨ, ਉਨ੍ਹਾਂ ਦੇ ਦਿਮਾਗ ਵਿਚ ਵੀ ਇਹ ਜ਼ਰੂਰ ਹੋਣਗੀਆਂ।

ਪਰ ਇਹ ਸਭ ਜਾਣਦੇ ਹੋਏ ਵੀ ਅਸੀਂ ਉਸੇ ਦਲਦਲ ਵਿੱਚ ਚਲੇ ਜਾਂਦੇ ਹਾਂ। ਜਿੱਥੇ ਸਾਨੂੰ ਫਸਣ ਦੀ ਸੰਭਾਵਨਾ ਪਤਾ ਹੈ। ਅਸੀਂ ਇਨਸਾਨ ਹਾਂ, ਕਦੇ-ਕਦੇ ਦੁੱਖ ਸਾਨੂੰ ਇਸ ਹੱਦ ਤੱਕ ਤੋੜ ਦਿੰਦੇ ਹਨ ਕਿ ਇਨਸਾਨ ਉਨ੍ਹਾਂ ਦੇ ਦਰਦ ਨੂੰ ਵੀ ਸਹਿਣ ਕਰ ਸਕਦਾ ਹੈ। ਪਰ ਜਦੋਂ ਪਰਿਵਾਰ ਅਤੇ ਖਾਸ ਕਰਕੇ ਬੱਚਿਆਂ ਦੀ ਗੱਲ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਨੰਗੇ ਪੈਰੀਂ ਅੱਗ 'ਤੇ ਤੁਰਨ ਲਈ ਤਿਆਰ ਹੋ ਜਾਂਦਾ ਹੈ। ਇਸ ਲਈ ਅਸੀਂ ਸਾਰੇ ਚਾਹੇ ਕੋਈ ਵੀ ਦਾਅਵੇ ਕਰਦੇ ਹਾਂ ਪਰ ਕਿਤੇ ਨਾ ਕਿਤੇ ਅਸੀਂ ਵਹਿਮਾਂ-ਭਰਮਾਂ ਦੇ ਜਾਲ ਵਿਚ ਫਸ ਜਾਂਦੇ ਹਾਂ ਅਤੇ ਇਹ ਜਾਣਦੇ ਹੋਏ ਵੀ ਆ ਜਾਂਦੇ ਹਾਂ ਕਿ ਇਸ ਤੋਂ ਕੁਝ ਨਹੀਂ ਹੋਵੇਗਾ।

ਇਸ ਦੀ ਸਭ ਤੋਂ ਵਧੀਆ ਉਦਾਹਰਣ ਸਾਡੇ ਘਰਾਂ ਵਿੱਚ ਅੱਖ ਕੱਢਣ ਦੀ ਹੈ, ਖਾਸ ਕਰਕੇ ਪਿੰਡਾਂ ਵਿੱਚ, ਇਹ ਹਾਲਤ ਹੈ ਕਿ ਕੋਈ ਵੀ ਬਿਮਾਰੀ ਹੋਵੇ, ਸਭ ਤੋਂ ਪਹਿਲਾਂ ਅੱਖ ਨੂੰ ਹਟਾ ਕੇ ਹੀ ਇਲਾਜ ਕੀਤਾ ਜਾਂਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਬਿਮਾਰ ਨੂੰ ਡਾਕਟਰ ਕੋਲ ਨਹੀਂ ਲਿਜਾਇਆ ਜਾ ਰਿਹਾ, ਉਹ ਦਵਾਈਆਂ ਲੈ ਰਿਹਾ ਹੈ। ਪਰ ਜਦੋਂ ਕਿਸੇ ਦੀ ਸਿਹਤ ਠੀਕ ਨਹੀਂ ਹੁੰਦੀ ਤਾਂ ਸਾਡੇ ਵਰਗੇ ਲੋਕ ਸੁਪਨਿਆਂ ਵਿਚ ਵੀ ਦਿੱਤੇ ਉਪਾਅ 'ਤੇ ਭਰੋਸਾ ਕਰਦੇ ਹਨ ਅਤੇ ਕਈ ਵਾਰ ਜਦੋਂ ਉਨ੍ਹਾਂ ਨੂੰ ਕੁਝ ਸਮਝ ਨਹੀਂ ਆਉਂਦਾ ਤਾਂ ਉਹ ਆਪ ਹੀ ਉਸ ਦੀ ਬੀਮਾਰੀ ਵਿਚ ਰੋਂਦੇ ਹੋਏ ਉਸ 'ਤੇ ਚੱਪਲਾਂ ਸੁੱਟਣ ਲੱਗ ਪੈਂਦੇ ਹਨ। ਇਹ ਜਾਣਦੇ ਹੋਏ ਕਿ ਇਹ ਇੱਕ ਵਹਿਮ ਹੈ।

ਅਜਿਹੇ ਪਲਾਂ ਵਿੱਚ ਲੋਕ ਬਹੁਤ ਕਮਜ਼ੋਰ ਹੋ ਜਾਂਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਕਿਸੇ ਤਰ੍ਹਾਂ ਮੇਰਾ ਆਪਣਾ ਆਪ ਠੀਕ ਹੋ ਜਾਵੇ। ਇਸੇ ਲਈ ਮੈਂ ਇਨ੍ਹਾਂ ਬਾਬਿਆਂ ਦੇ ਦਰਬਾਰ ਵਿੱਚ ਲੋਕਾਂ ਨੂੰ ਆਪਣੀਆਂ ਤਕਲੀਫ਼ਾਂ ਸੁਣ ਕੇ ਰੋਂਦੇ-ਰੋਂਦੇ ਦੇਖਦਾ ਹਾਂ ਤਾਂ ਮੈਂ ਉਨ੍ਹਾਂ ਦਾ ਦਰਦ ਸਮਝ ਸਕਦਾ ਹਾਂ। ਇਹ ਲੱਖਾਂ ਲੋਕ ਜਾਣਦੇ ਹਨ ਕਿ ਇਹ ਸਭ ਪਾਖੰਡ ਹੈ, ਪਰ ਉਹ ਜਾਂ ਤਾਂ ਉਸ ਦੁੱਖ ਨੂੰ ਮੰਨਦੇ ਹਨ ਜਿਸ ਵਿੱਚੋਂ ਉਨ੍ਹਾਂ ਦੇ ਨਜ਼ਦੀਕੀ ਗੁਜ਼ਰ ਰਹੇ ਹਨ ਜਾਂ ਉਹ ਖੁਦ ਅਤੇ ਖੁਦ ਅਜਿਹੇ ਸਥਾਨਾਂ ਅਤੇ ਬਾਬਿਆਂ ਅੱਗੇ ਝੁਕਦੇ ਹਨ। ਇਹ ਪੀੜ੍ਹੀਆਂ ਤੋਂ ਚਲਦਾ ਆ ਰਿਹਾ ਹੈ ਅਤੇ



ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੇਗਾ, ਅਸੀਂ ਇਨਸਾਨ ਹਾਂ, ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਆਪਣੇ ਕਮਜ਼ੋਰ ਪਲਾਂ ਵਿੱਚ ਦੂਜਿਆਂ ਨੂੰ ਕਿਵੇਂ ਧੋਖਾ ਦੇਣਾ ਹੈ।

ਸਹੀ ਅਰਥਾਂ ਵਿੱਚ ਸਾਡੇ ਦੇਸ਼ ਦਾ ਵਿਕਾਸ ਇਸ ਪਾਖੰਡ ਅਤੇ ਅੰਧਵਿਸ਼ਵਾਸ ਨਾਲ ਨਹੀਂ ਸਗੋਂ ਵਿਗਿਆਨਕ ਸੋਚ ਨੂੰ ਵਧਾਉਣ ਨਾਲ ਹੋਵੇਗਾ। ਅੱਜ ਦਾ ਭਾਰਤ ਮੂਤਰ ਪੀਵੇਗਾ, ਗਾਂ ਦੇ ਗੋਹੇ ਨਾਲ ਇਸ਼ਨਾਨ ਕਰੇਗਾ, ਗੋਹੇ ਦੀ ਪੂਜਾ ਕਰੇਗਾ ਤਾਂ ਉਨ੍ਹਾਂ ਦਾ ਮਨ ਵੀ ਗੋਹੇ ਵਰਗਾ ਹੀ ਰਹੇਗਾ। ਅੰਧਵਿਸ਼ਵਾਸ ਪਾਖੰਡ ਵਿੱਚ ਫਸਿਆ ਰਹੇਗਾ। ਸਾਡਾ ਦੇਸ਼ ਕਦੇ ਵੀ ਤਰੱਕੀ ਨਹੀਂ ਕਰ ਸਕੇਗਾ। ਕੋਰੀਆ ਚੀਨ, ਜਾਪਾਨ, ਭੂਟਾਨ, ਅਮਰੀਕਾ ਆਦਿ ਵਰਗੀਆਂ ਮਿਜ਼ਾਈਲਾਂ ਤਿਆਰ ਨਹੀਂ ਕਰ ਸਕੇਗਾ ਅਤੇ ਨਾ ਹੀ ਅੱਗੇ ਵਧ ਸਕੇਗਾ। ਵਹਿਮਾਂ-ਭਰਮਾਂ ਅਤੇ ਪਾਖੰਡਾਂ ਵਿੱਚ ਫਸੇ ਰਹਿਣਗੇ।

ਭਾਰਤ ਵਿੱਚ 90% ਅੰਧਵਿਸ਼ਵਾਸੀ ਲੋਕ ਹਨ, ਇਸ ਅੰਧ-ਵਿਸ਼ਵਾਸ ਦੀ ਜਕੜ ਵਿੱਚ ਲਗਭਗ ਹਰ ਧਰਮ ਦੇ ਮਰਦ-ਔਰਤਾਂ ਹਨ, ਜੋ ਇਸ ਦਲਦਲ ਵਿੱਚ ਫਸਦੇ ਜਾ ਰਹੇ ਹਨ, ਅੰਧਵਿਸ਼ਵਾਸ ਦੇਸ਼ ਲਈ ਇੱਕ ਸਰਾਪ ਹੈ, ਇਸ ਅੰਧਵਿਸ਼ਵਾਸ ਨੂੰ ਜੜ੍ਹੋਂ ਪੁੱਟਣ ਲਈ ਪੰਜਾਬ ਦੀ ਸਰਕਾਰ। ਭਾਰਤ/ਸੂਬਾ ਸਰਕਾਰ ਜਾਂ ਗੈਰ-ਸਰਕਾਰੀ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਮੁਹਿੰਮ ਚਲਾ ਕੇ ਇਨ੍ਹਾਂ ਪਾਖੰਡੀਆਂ ਦਾ ਪਰਦਾਫਾਸ਼ ਕਰਦੇ ਰਹਿਣ, ਤਾਂ ਜੋ ਭਾਰਤ ਵਿਚ ਕੋਈ ਵੀ ਪਾਖੰਡੀ ਫਿਰ ਤੋਂ ਪੈਦਾ ਨਾ ਹੋਵੇ।




# ਭਾਜਪਾ ਨੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਪੰਜਾਬ ਅਤੇ ਦਿੱਲੀ ਸਮੇਤ ਗੈਰ-ਭਾਜਪਾਈ ਸੂਬੇ ਪਰੇਡ ਤੋਂ ਬਾਹਰ ਰੱਖੇ : ਮੁੱਖ ਮੰਤਰੀ

***ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਦੀ ਝਾਕੀ ਨੂੰ ਜਾਣਬੁੱਝ ਕੇ ਸ਼ਾਮਲ ਨਾ ਕਰਨ ’ਤੇ ਮੁੱਖ ਮੰਤਰੀ ਨੇ ਕੇਂਦਰ ਸਰਕਾਰ ’ਤੇ ਨਿਸ਼ਾਨਾ ਸਾਧਿਆ *ਕੇਂਦਰ ਸਰਕਾਰ ਦੇ ਪੰਜਾਬ ਵਿਰੋਧੀ ਵਤੀਰੇ ਨੂੰ ਅਣਉਚਿਤ ਦੱਸਿਆ**

ਚੰਡੀਗੜ੍ਹ, 25 ਜਨਵਰੀ (ਪੋਸਟ ਬਿਊਰੋ): ਗਣਤੰਤਰ ਦਿਵਸ ਦੀ ਪਰੇਡ ਵਿੱਚ ਸੂਬੇ ਦੀ ਝਾਕੀ ਨੂੰ ਸ਼ਾਮਲ ਨਾ ਕਰਨ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਪੰਜਾਬ ਵਿਰੋਧੀ ਵਤੀਰਾ ਅਣ-ਉਚਿਤ ਅਤੇ ਗੈਰ-ਵਾਜਬ ਹੈ।

ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਹਰ ਸਾਲ ਗਣਤੰਤਰ ਦਿਵਸ ਪਰੇਡ ਦੇ ਜਸ਼ਨਾਂ ਵਿੱਚ ਇੱਕ ਸ਼ਾਨਦਾਰ ਰਸਮੀ ਪਰੇਡ ਸ਼ਾਮਲ ਹੁੰਦੀ ਹੈ, ਜਿਸ ਵਿੱਚ ਵੱਖ-ਵੱਖ ਸੂਬਿਆਂ ਦੀਆਂ ਝਾਕੀਆਂ ਰਾਹੀਂ ਭਾਰਤ ਜੋ ਅਨੇਕਤਾ ਵਿੱਚ ਏਕਤਾ ਅਤੇ ਅਮੀਰ ਸੱਭਿਆਚਾਰਕ ਵਿਰਸੇ ਦਾ ਪ੍ਰਤੀਕ ਹੈ, ਨੂੰ ਸਤਿਕਾਰ ਭੇਟ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪਰੇਡ ਵਿੱਚ ਪੰਜਾਬ ਆਪਣੇ ਗੌਰਵਮਈ ਇਤਿਹਾਸ, ਅਮੀਰ ਵਿਰਸਾ, ਮਹਾਨ ਸੱਭਿਆਚਾਰ ਅਤੇ ਭਾਰਤ ਦੇ ਇਤਿਹਾਸ ਵਿੱਚ ਆਪਣੇ ਅਹਿਮ ਯੋਗਦਾਨ ਨੂੰ ਦਰਸਾਉਂਦੀ ਝਾਕੀ ਨਿਯਮਤ ਤੌਰ ’ਤੇ ਪੇਸ਼ ਕਰਦਾ ਆ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ



ਬਹੁਤ ਹੀ ਦੁੱਖ ਵਾਲੀ ਗੱਲ ਹੈ ਕਿ ਵੱਖ-ਵੱਖ ਵਿਸ਼ੇ ਜਿਵੇਂ 'ਵਤਨ ਕੇ ਰਖਵਾਲੇ' ਰਾਹੀਂ ਭਾਰਤ ਦੀ ਫੌਜੀ ਤਾਕਤ ਵਿਚ ਅਤੇ ਅੰਨਦਾਤਾ ਵਜੋਂ ਪੰਜਾਬ ਦੀ ਮਹੱਤਤਾ ਦਰਸਾਉਣ, ਮਾਈ ਭਾਗੋ ਜੀ ਦੀ ਸੂਰਮਗਤੀ ਨੂੰ ਦਰਸਾਉਂਦੀ ‘ਨਾਰੀ ਸ਼ਕਤੀ’ ਅਤੇ ਸਾਰਾਗੜ੍ਹੀ ਦੀ ਜੰਗ ਰਾਹੀਂ ਬਹਾਦਰੀ ਅਤੇ ਮਹਾਨ ਕੁਰਬਾਨੀਆਂ ਭਰੇ ਕਿੱਸੇ ਦੇ ਨਾਲ ਨਾਲ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੀਆਂ ਸਤਿਕਾਰਤ ਘਟਨਾਵਾਂ ਵਰਗੇ ਮਹੱਤਵਪੂਰਨ ਵਿਸ਼ਿਆਂ ਨੂੰ ਚੋਣ ਕਮੇਟੀ ਅੱਗੇ ਰੱਖਣ ਦੇ ਬਾਵਜੂਦ ਪੰਜਾਬ ਦੀ ਝਾਕੀ ਨੂੰ ਗਣਤੰਤਰ ਦਿਵਸ ਪਰੇਡ ਲਈ ਨਹੀਂ ਚੁਣਿਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਚੋਣ ਕਮੇਟੀ ਨੇ ਵਿਚਾਰਾਂ ਦੀ ਸ਼ਲਾਘਾ ਵੀ ਕੀਤੀ ਸੀ ਪਰ ਇਹ ਦੁੱਖ ਦੀ ਗੱਲ ਹੈ ਕਿ ਸਮੁੱਚੇ ਵਿਸ਼ਵ ਸਮੇਤ ਇਸ ਮਹਾਨ ਦੇਸ਼ ਦੇ ਲੋਕ ਪੰਜਾਬ ਵੱਲੋਂ ਦਰਸਾਏ ਜਾਣ ਵਾਲੇ ਅਮੀਰ ਸੱਭਿਆਚਾਰ ਅਤੇ ਇਤਿਹਾਸ ਤੋਂ ਵਾਂਝੇ ਰਹਿ ਜਾਣਗੇ। ਉਨ੍ਹਾਂ ਚੇਤੇ ਕਰਵਾਇਆ ਕਿ ਸਾਡੀ ਮਾਤ-ਭੂਮੀ ਨੂੰ ਬਰਤਾਨਵੀ ਸਾਮਰਾਜਵਾਦ ਤੋਂ ਆਜ਼ਾਦ ਕਰਵਾਉਣ ਲਈ ਪੰਜਾਬੀਆਂ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਦੇਸ਼ ਦੀ ਅਬਾਦੀ ਦਾ ਮਹਿਜ਼ ਦੋ ਫੀਸਦੀ ਹੋਣ ਦੇ ਬਾਵਜੂਦ ਆਜ਼ਾਦੀ ਦੀ ਲਹਿਰ ਦੌਰਾਨ 80 ਫੀਸਦੀ ਸ਼ਹੀਦ ਪੰਜਾਬੀ ਸਨ ਜਿਨ੍ਹਾਂ ਨੂੰ ਜਾਂ ਤਾਂ ਫਾਂਸੀ ਚੜ੍ਹਾਇਆ ਗਿਆ ਜਾਂ ਜਲਾਵਤਨ ਕਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਵੀ ਪੰਜਾਬੀਆਂ ਨੇ ਦੇਸ਼ ਦੀ ਖੁਸ਼ਹਾਲੀ ਅਤੇ ਸਰਬਪੱਖੀ ਵਿਕਾਸ ਦੇ ਨਾਲ-ਨਾਲ ਦੇਸ਼ ਦੀਆਂ ਸਰਹੱਦਾਂ ਦੀ ਬਾਹਰੀ ਹਮਲਿਆਂ ਤੋਂ ਰਾਖੀ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਦੀ ਇਸ ਸ਼ਾਨਦਾਰ ਭੂਮਿਕਾ ਨੂੰ ਝਾਕੀ ਰਾਹੀਂ ਦਿਖਾਉਣਾ ਚਾਹੁੰਦੀ ਸੀ। ਭਗਵੰਤ ਮਾਨ ਨੇ ਅਫਸੋਸ ਜ਼ਾਹਿਰ ਕੀਤਾ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਆਪਣੀਆਂ ਪ੍ਰਾਪਤੀਆਂ ਦੁਨੀਆ ਨੂੰ ਦਿਖਾਉਣ ਦੀ ਇਜਾਜ਼ਤ ਨਾ ਦੇ ਕੇ ਗਹਿਰੀ ਸਾਜ਼ਿਸ਼ ਘੜੀ ਹੈ।

ਮੁੱਖ ਮੰਤਰੀ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਭਾਵੇਂ ਦੇਸ਼ ਆਪਣੀ ਆਜ਼ਾਦੀ ਦਾ 75ਵਾਂ ਵਰ੍ਹਾ ਮਨਾ ਰਿਹਾ ਹੈ ਪਰ ਜਿਨ੍ਹਾਂ ਕਰਕੇ ਦੇਸ਼ ਨੂੰ ਆਜ਼ਾਦੀ ਮਿਲੀ ਹੈ, ਕੇਂਦਰ ਸਰਕਾਰ ਉਨ੍ਹਾਂ ਦੇਸ਼ ਭਗਤਾਂ 'ਤੇ ਹੀ ਸੰਦੇਹ ਪ੍ਰਗਟਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਹੈਰਾਨੀਜਨਕ ਹੈ ਕਿ ਉੱਤਰੀ ਭਾਰਤ ਵਿੱਚੋਂ ਸਿਰਫ਼ ਭਾਜਪਾ ਸ਼ਾਸਿਤ ਸੂਬਿਆਂ ਨੂੰ ਹੀ ਗਣਤੰਤਰ ਦਿਵਸ ਦੀ ਪਰੇਡ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਗੈਰ-ਭਾਜਪਾ ਸ਼ਾਸਨ ਵਾਲੇ ਸੂਬਿਆਂ ਖਾਸ ਕਰਕੇ ਪੰਜਾਬ ਅਤੇ ਦਿੱਲੀ ਨੂੰ ਭਾਜਪਾ ਨੇ ਜਾਣਬੁੱਝ ਕੇ ਪਰੇਡ ਤੋਂ ਬਾਹਰ ਰੱਖਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਅਤੇ ਪੰਜਾਬੀਆਂ ਨਾਲ ਇਸ ਤਰ੍ਹਾਂ ਦਾ ਪੱਖਪਾਤੀ ਸਲੂਕ ਅਤਿ ਨਿੰਦਣਯੋਗ ਅਤੇ ਅਸਹਿਣਯੋਗ ਹੈ।

## ਸ਼ਹੀਦ ਲਾਲਾ ਵਾਸੂ ਮੱਲ ਦੇ ਪੜਪੋਤੇ ਅਜਾਨ ਕਪੂਰ ਨੂੰ ‘ਵੀਰਬਾਲ ਐਵਾਰਡ’ ਨਾਲ ਕੀਤਾ ਸਨਮਾਨਿਤ

ਅੰਮ੍ਰਿਤਸਰ, 26 ਜਨਵਰੀ 2023: ਅੱਜ ਪੂਰਾ ਦੇਸ਼ ਆਪਣਾ 74ਵਾਂ ਗਣਤੰਤਰ ਦਿਵਸ ਮਨਾ ਰਿਹਾ ਹੈ . ਇਸ ਦੌਰਾਨ ਗਣਤੰਤਰ ਦਿਵਸ ਮੌਕੇ ਦੇਸ਼ ਭਰ ਦੇ 56 ਨੌਜਵਾਨਾਂ ਨੂੰ ‘ਵੀਰਬਲ ਐਵਾਰਡ’ ਨਾਲ ਸਨਮਾਨਿਤ ਕੀਤਾ ਗਿਆ ਹੈ । ਇਨ੍ਹਾਂ ਵਿਚ ਪੰਜਾਬ ਦੇ ਤਿੰਨ ਬੱਚੇ ਸ਼ਾਮਲ ਹਨ ਜਿਨ੍ਹਾਂ ਨੂੰ ਇਸ ਵੀਰਬਲ ਐਵਾਰਡ’ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ . ਜਿਸ ਵਿੱਚ ਅੰਮ੍ਰਿਤਸਰ ਦੇ 12 ਸਾਲਾ ਅਜਾਨ ਕਪੂਰ ਵੀ ਸ਼ਾਮਲ ਹੈ।

12 ਸਾਲਾ ਅਜਾਨ ਕਪੂਰ ਦੇ ਪਿਤਾ ਸੁਨੀਲ ਕਪੂਰ ਨੇ ਦੱਸਿਆ ਕਿ ਅਜ਼ਾਨ ਨੂੰ ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੇ ਚੰਡੀਗੜ੍ਹ ਸਥਿਤ ਪੰਜਾਬ ਭਵਨ ‘ਚ ਵੀ ਬੁਲਾਇਆ ਹੈ। ਅਜ਼ਾਨ ਇੱਕ ਸ਼ਹੀਦ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਹ ਲਾਲਾ ਵਾਸੂ ਮੱਲ ਦੇ ਪੜਪੋਤੇ ਹਨ, ਜੋ 13 ਅਪ੍ਰੈਲ 1919 ਨੂੰ ਜਲਿਆਂਵਾਲਾ ਬਾਗ ਸਾਕੇ ਦੌਰਾਨ ਸ਼ਹੀਦੀ ਪਾ ਗਏ ਸਨ। ਜਿਕਰਯੋਗ ਹੈ ਕਿ ਅਜ਼ਾਨ ਕਪੂਰ ਪਰਿਵਾਰ ਦੀ ਦੂਜੀ ਸ਼ਖਸੀਅਤ ਹੈ ਜਿਸ ਨੂੰ ਰਾਸ਼ਟਰੀ ਪੱਧਰ ਦਾ



ਸਨਮਾਨ ਦਿੱਤਾ ਜਾ ਰਿਹਾ ਹੈ .

ਜਿਕਰਯੋਗ ਹੈ ਕਿ ਅਜਾਨ ਕਪੂਰ ਅਮਰਨਾਥ ਯਾਤਰਾ ਦੌਰਾਨ ਰਾਤ ਵੇਲੇ ਲੰਗਰ ਵਿੱਚ ਸੇਵਾ ਕਰਨ ਗਏ, ਕੁਝ ਸਮਾਂ ਸੇਵਾ ਕਰਨ ਤੋਂ ਬਾਅਦ ਉਹ ਪਿਸ਼ਾਬ ਕਰਨ ਲਈ ਲੰਗਰ ਘਰ ਦੇ ਪਿਛਲੇ ਪਾਸੇ ਚਲਾ ਗਿਆ। ਜਿੱਥੇ ਅਜਾਨ ਨੇ ਡਰੇਨ ਵਿੱਚ ਪਾਣੀ ਦਾ ਤੇਜ਼ ਵਹਾਅ ਦੇਖਿਆ। ਇਸ ਤੋਂ ਬਾਅਦ ਪੱਥਰ ਆਉਂਦੇ ਦੇਖ ਅਜਾਨ ਸਿੱਧਾ ਡੇਰੇ ਵੱਲ ਭੱਜਿਆ ਅਤੇ ਡੇਰੇ ਅਤੇ ਲੰਗਰ ਵਿੱਚ ਪਾਣੀ ਅਤੇ ਪੱਥਰਾਂ ਦੇ ਵਹਾਅ ਬਾਰੇ ਲੋਕਾਂ ਨੂੰ ਦੱਸਿਆ, ਜਿਸਦੇ ਚੱਲਦੇ ਇਕ ਵੱਡਾ ਹਾਦਸਾ ਟਲ ਗਿਆ ਅਤੇ ਵਿਚ ਅਜਾਨ ਨੇ ਲਗਭਗ 100 ਜਣਿਆਂ ਦੀ ਜਾਨ ਵੀ ਬਚਾਈ।

## ਡਾ. ਰਤਨ ਸਿੰਘ ਜੱਗੀ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਿੱਖ ਇਤਿਹਾਸ ਵਿਚ ਪਾਏ ਵਡਮੁੱਲੇ ਯੋਗਦਾਨ ਲਈ ਮਿਲਿਆ ਪਦਮ ਸ੍ਰੀ

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ): ਪੰਜਾਬੀ ਦੇ ਉੱਘੇ ਵਿਦਵਾਨ ਡਾ. ਰਤਨ ਸਿੰਘ ਜੱਗੀ ਨੂੰ ਪੰਜਾਬੀ ਭਾਸ਼ਾ, ਸਾਹਿਤ ਤੇ ਸਿੱਖ ਇਤਿਹਾਸ ‘ਚ ਪਾਏ ਵਡਮੁੱਲੇ ਯੋਗਦਾਨ ਲਈ ਭਾਰਤ ਸਰਕਾਰ ਨੇ ਵਿਸ਼ੇਸ਼ ਤੌਰ ‘ਤੇ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ । ਉਨ੍ਹਾਂ ਦੇ ਨਾਲ ਡਾ. ਜੱਗੀ ਦੀ ਸੁਪਤਨੀ ਡਾ. ਗੁਰਸ਼ਰਨ ਕੌਰ ਜੱਗੀ ਤੇ ਸਪੁੱਤਰ ਅਤੇ ਆਈ ਏ ਐੱਸ ਸ. ਮਲਵਿੰਦਰ ਸਿੰਘ ਜੱਗੀ ਹਨ।

ਸਾਡੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਕੰਮ ਕਰਨ ਵਾਲੇ ਡਾ. ਰਤਨ ਸਿੰਘ ਜੱਗੀ ਨੂੰ ਅੱਜ ਵੱਡੇ ਪੁਰਸਕਾਰ ਨਾਲ ਸਨਮਾਨਤ ਕੀਤਾ ਜਾ ਰਿਹਾ ਹੈ। ਡਾ. ਜੱਗੀ ਨੇ ਆਪਣੇ ਜੀਵਨ ਦੇ ਲੰਮੇ ਤਜਰਬੇ ਨਾਲ ਸਮਾਜ ਦੀ ਝੋਲੀ 129 ਕਿਤਾਬਾਂ ਦਾ ਬਹੁਮੁੱਲਾ ਖ਼ਜ਼ਾਨਾ ਪਾਇਆ ਹੈ, ਜਿਸ ਵਿੱਚ ਪ੍ਰਾਚੀਨ ਤੋਂ ਲੈਕੇ ਆਧੁਨਿਕ ਸਮੇਂ ਦੀ ਭਗਤੀ ਲਹਿਰ ਅਤੇ ਪੰਜਾਬੀ ਸਾਹਿਤ ਦੀ ਰਚਨਾਵਾਂ ਸ਼ਾਮਲ ਹਨ। ਡਾ. ਜੱਗੀ ਨੇ ਕਿਸੇ ਇੱਕ ਭਾਸ਼ਾ ਤੱਕ ਸੀਮਤ ਨਾ ਹੋਕੇ ਸਗੋਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ‘ਚ ਵੀ ਵਡਮੁੱਲਾ ਕੰਮ ਕੀਤਾ ਹੈ, ਜੋ ਕਿ ਚੋਣਵੇਂ ਵਿਦਵਾਨਾਂ ਦੇ ਹਿੱਸੇ ‘ਚ ਹੀ ਆਇਆ ਹੈ।

ਡਾ. ਜੱਗੀ ਨੇ 24 ਸਾਲ ਤੋਂ ਵਧੇਰੇ



ਸਮੇਂ ਤੱਕ ਪੰਜਾਬੀ ਯੂਨੀਵਰਸਿਟੀ ‘ਚ ਸੇਵਾਵਾਂ ਨਿਭਾਈਆਂ ਹਨ, ਇਸ ਸਨਮਾਨ ਨੇ ਜਿਥੇ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਅਤੇ ਹੋਰ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਆ ਹੈ। ਉਥੇ ਹੀ ਪਟਿਆਲਵੀਆਂ ਦਾ ਸਿਰ ਵੀ ਮਾਣ ਨਾਲ ਉਚਾ ਹੋਇਆ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਉਹ ਭਵਿੱਖ ‘ਚ ਵੀ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਕੰਮ ਕਰਦੇ ਰਹਿਣਗੇ।

ਜ਼ਿਕਰਯੋਗ ਹੈ ਕਿ ਡਾ. ਜੱਗੀ ਨੂੰ 1989 ‘ਚ ‘ਤੁਲਸੀ ਰਮਾਇਣ’ ਦੇ ਪੰਜਾਬੀ ਭਾਸ਼ਾ ‘ਚ ਅਨੁਵਾਦ ਲਈ ਸਾਹਿਤ ਅਕੈਡਮੀ, ਨਵੀਂ ਦਿੱਲੀ, ਇਸੇ ਤਰ੍ਹਾਂ 1996 ‘ਚ ਪੰਜਾਬ ਸਰਕਾਰ ਵੱਲੋਂ ਸਰਵੋਤਮ ਸਨਮਾਨ ਪੰਜਾਬੀ ਸਾਹਿਤ ਸ਼੍ਰੋਮਣੀ ਅਵਾਰਡ (ਪੰਜਾਬੀ ਸਾਹਿਤ ਰਤਨ ਅਵਾਰਡ), 1996 ‘ਚ ਯੂ.ਪੀ. ਸਰਕਾਰ ਦੇ ਹਿੰਦੀ ਸੰਮੇਲਣ ਵੱਲੋਂ ਸੌਹਰਦ ਪੁਰਸਕਾਰ, ਪੰਜਾਬੀ ਅਕੈਡਮੀ ਦਿਲੀ ਸਰਕਾਰ ਵੱਲੋਂ 2010 ‘ਚ ਪਰਮ ਸਾਹਿਤ ਸਤਕਾਰ ਸਨਮਾਨ ਵੀ ਪ੍ਰਾਪਤ ਹੋਇਆ ਸੀ।

## 4 ਬੱਚਿਆਂ ਦੀ ਜਾਨ ਬਚਾਉਣ ਵਾਲੀ 14 ਸਾਲਾ ਅਮਨਦੀਪ ਕੌਰ ਨੂੰ 'ਵੀਰਬਾਲ ਐਵਾਰਡ' ਨਾਲ ਕੀਤਾ ਸਨਮਾਨਿਤ

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ): ਦੋ ਸਾਲਾਂ ਬਾਅਦ, ਕੋਰੋਨਾ ਸੰਕਰਮਣ ਕਾਰਨ ਭਾਰਤੀ ਬਾਲ ਵਿਕਾਸ ਕੌਂਸਲ ਵੱਲੋਂ ਨੌਜਵਾਨਾਂ ਨੂੰ “ਵੀਰਬਾਲ ਐਵਾਰਡ” ਨਾਲ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੀ ਰਹਿਣ ਵਾਲੀ 14 ਸਾਲ ਦੀ ਅਮਨਦੀਪ ਕੌਰ ਦਾ ਨਾਮ ਵੀ ਸ਼ਾਮਲ ਹੈ। ਅਮਨਦੀਪ ਕੌਰ ਨੇ ਇੱਕ ਸਕੂਲ ਵੈਨ ਦੁਰਘਟਨਾ ਵਿੱਚ ਆਪਣੇ ਨਾਲ ਚਾਰ ਬੱਚਿਆਂ ਦੀ ਜਾਨ ਬਚਾਈ ਸੀ . ਇਹ ਹਾਦਸਾ 15 ਫਰਵਰੀ, 2020 ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਲੌਂਗੋਵਾਲ-ਸਿਦਸਮਾਚਾਰ ਰੋਡ ‘ਤੇ 12



ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਸਕੂਲ ਵੈਨ ਵਿੱਚ ਵਾਪਰਿਆ ਸੀ। ਇਸ ਪੂਰੇ ਹਾਦਸੇ ‘ਚ ਅੱਠ ਵਿਦਿਆਰਥੀ ਵਾਲ-ਵਾਲ ਬਚ ਗਏ, ਜਦਕਿ ਚਾਰ ਦੀ ਮੌਤ ਹੋ ਗਈ ਸੀ । ਅੱਠਾਂ ਵਿੱਚੋਂ 1 ਅਮਨਦੀਪ ਕੌਰ ਖੁਦ ਸੀ ਅਤੇ 4 ਨੂੰ ਉਸ ਨੇ ਬਚਾ ਲਿਆ ਸੀ। 2020 ‘ਚ ਤਤਕਾਲੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਟਵਿਟਰ ‘ਤੇ ਟਵੀਟ ਕਰਕੇ ਅਮਨਦੀਪ ਦੀ ਤਾਰੀਫ ਕੀਤੀ ਸੀ ਅਤੇ ਅਮਨਦੀਪ ਦੀ ਬਹਾਦਰੀ ਨੂੰ ਸਲਾਮ ਕੀਤਾ ਸੀ।

ਅਮਨਦੀਪ ਕੌਰ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਜਿਉਂ ਹੀ ਵੈਨ ਚੱਲਣ ਲੱਗੀ ਤਾਂ ਮੈਂ ਸਰ (ਅਧਿਆਪਕ-ਕਮ-ਡਰਾਈਵਰ ਦਲਬੀਰ ਸਿੰਘ) ਨੂੰ ਦੱਸਿਆ ਕਿ ਵੈਨ ਵਿੱਚੋਂ ਕੋਈ ਬਦਬੂ ਆ ਰਹੀ ਹੈ, ਪਰ ਸਰ ਨੇ ਗੱਡੀ ਚਲਾਉਣੀ ਸ਼ੁਰੂ ਕਰ ਦਿੱਤੀ। ਮੈਂ ਸਰ ਨੂੰ ਫਿਰ ਕਿਹਾ ਕਿ ਬਦਬੂ ਵਧ ਰਹੀ ਹੈ, ਪਰ ਉਹ ਚਾਰੇ ਪਾਸੇ ਦੇਖਦਾ ਰਿਹਾ ਅਤੇ ਗੱਡੀ ਚਲਾ ਰਿਹਾ ਸੀ। ਅੱਗ ਜਦੋਂ ਬਾਅਦ ਵਿਚ ਦਿਖਾਈ ਦਿੱਤੀ ਤਾਂ ਸਥਿਤੀ ਕਾਬੂ ਤੋਂ ਬਾਹਰ ਸੀ। ਅਮਨਦੀਪ ਪਹਿਲਾਂ ਵੈਨ ਦੇ ਸ਼ੀਸ਼ੇ ਤੋੜ ਕੇ ਬਾਹਰ ਨਿਕਲੀ ਅਤੇ ਖੁਦ ਨੂੰ ਸੁਰੱਖਿਅਤ ਕੀਤਾ . ਅਜਿਹੇ ‘ਚ ਆਸ-ਪਾਸ ਦੇ ਲੋਕ ਵੀ ਮਦਦ ਲਈ ਪਹੁੰਚ ਗਏ ਸਨ । ਅਮਨਦੀਪ ਨੇ ਸੜ ਰਹੀ ਸਕੂਲ ਵੈਨ ਵਿੱਚੋਂ ਚਾਰ ਬੱਚਿਆਂ ਨੂੰ ਬਾਹਰ ਕੱਢਣ ਵਿੱਚ ਮਦਦ ਕੀਤੀ।

## ਸਿੱਧੂ ਦੀ ਰਿਹਾਈ ਦਾ ‘ਆਪ’ ਅਤੇ ਕਾਂਗਰਸ ਦੇ ਕਈ ਆਗੂਆਂ ਨੂੰ ਡਰ : ਦੂਲੋ

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ): ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਅੱਜ ਰਿਹਾਈ ਨਹੀਂ ਹੋ ਸਕੀ, ਜਿਸ ਕਾਰਨ ਕਾਂਗਰਸ ਅਤੇ ਉਨ੍ਹਾਂ ਦੀ ਪਤਨੀ ਵਿੱਚ ਭਾਰੀ ਗੁੱਸਾ ਦੇਖਣ ਨੂੰ ਮਿਲਿਆ। ਇਸ ਮੁੱਦੇ ਨੂੰ ਲੈ ਕੇ ਅੱਜ ਨਵਜੋਤ ਸਿੱਧੂ ਦੇ ਡੇਰੇ ਨੇ ਉਨ੍ਹਾਂ ਦੀ ਰਿਹਾਇਸ਼ ‘ਤੇ ਪ੍ਰੈਸ ਕਾਨਫਰੰਸ ਕੀਤੀ। ਇਸ ਦੌਰਾਨ ਸੰਬੋਧਨ ਕਰਦਿਆਂ ਆਪਣੇ ਡੇਰੇ ਤੋਂ ਸ਼ਮਸ਼ੇਰ ਸਿੰਘ ਦੂਲੋ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ‘ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿਰਫ਼ ਨਾਂ ਦੀ ਸਰਕਾਰ ਹੈ, ਇਸ ਨੂੰ ਚਲਾ ਤਾਂ ਕੋਈ ਹੋਰ ਰਿਹਾ ਹੈ। ਸਰਕਾਰ ਨੇ ਨਵਜੋਤ ਸਿੱਧੂ ਨੂੰ ਰਿਹਾਅ ਨਾ ਕਰਕੇ ਕਾਇਰਤਾ ਦਿਖਾਈ ਹੈ। ਉਨ੍ਹਾਂ ਅੱਗੇ ਕਿਹਾ ਕਿ ਆਮ ਲੋਕਾਂ ਦੀ ਸਰਕਾਰ ਕਹਾਉਣ ਵਾਲੀ ‘ਆਮ ਆਦਮੀ



ਪਾਰਟੀ’ ਆਮ ਲੋਕਾਂ ਲਈ ਨਹੀਂ ਹੈ। ਸੱਚ ਤਾਂ ਇਹ ਹੈ ਕਿ ‘ਆਪ’ ਸਰਕਾਰ ਅਤੇ ਕੇਂਦਰ ਸਰਕਾਰ ਨਵਜੋਤ ਸਿੱਧੂ ਦੇ ਬਾਹਰ ਆਉਣ ਤੋਂ ਡਰਦੀ ਹੈ। ਇਸ ਲਈ ਸਿੱਧੂ ਦੀ ਰਿਹਾਈ ‘ਤੇ ਰੋਕ ਲਗਾ ਦਿੱਤੀ ਗਈ ਹੈ। ਅੱਜ ਰਿਹਾਅ ਹੋਣ ਵਾਲੀ ਸੂਚੀ ਵਿੱਚ 51 ਕੈਦੀਆਂ ਦੇ ਨਾਂ ਸਨ, ਸਿੱਧੂ ਦੇ ਨਾਲ 50 ਹੋਰ ਕੈਦੀਆਂ ਨੂੰ ਵੀ ਝਟਕਾ ਲੱਗਾ ਹੈ।

## ਤਿਰੰਗੇ ਦੀ ਪੈਟਰਨ ਵਾਲੀ ਬੋਤਲ ਹੇਠਾਂ ਸੁੱਟ ਕੇ ਮੁੜ ਵਿਵਾਦਾਂ ਵਿਚ ਆਇਆ ਰਾਮ ਰਹੀਮ

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ): ਡੇਰਾ ਸੱਚਾ ਸੌਦਾ ਸਿਰਸਾ ਮੁਖੀ ਰਾਮ ਰਹੀਮ ਤਲਵਾਰ ਨਾਲ ਕੇਕ ਕੱਟਣ ਤੋਂ ਬਾਅਦ ਨਵੇਂ ਵਿਵਾਦ ਵਿੱਚ ਘਿਰ ਗਏ ਹਨ। ਰਾਮ ਰਹੀਮ ਨੇ ਗਣਤੰਤਰ ਦਿਵਸ ਤੋਂ ਇਕ ਦਿਨ ਪਹਿਲਾਂ ਸੋਸ਼ਲ ਮੀਡੀਆ ‘ਤੇ ਇਕ ਵੀਡੀਓ ਸ਼ੇਅਰ ਕੀਤੀ ਸੀ, ਜਿਸ ‘ਚ ਉਹ ਤਿਰੰਗੇ ਦੀ ਪੈਟਰਨ ਵਾਲੀ ਬੋਤਲ ਦਾ ਇਸਤੇਮਾਲ ਕਰ ਰਿਹਾ ਹੈ। ਰਾਮ ਰਹੀਮ ਨੇ ਜੈਵਿਕ ਸਬਜ਼ੀਆਂ ਤਿਆਰ ਕਰਨ ਦਾ ਡੈਮੋ ਦੇਣ ਤੋਂ ਬਾਅਦ ਬੋਤਲ ਹੇਠਾਂ ਸੁੱਟ ਦਿੱਤੀ। ਹੁਣ ਡੇਰਾ ਮੁਖੀ ਇਸ ਵਿਵਾਦ ‘ਤੇ ਸਪੱਸ਼ਟੀਕਰਨ ਦਿੱਤਾ ਜਾ ਰਿਹਾ ਹੈ। ਸਾਧਵੀ ਜਿਨਸੀ ਸ਼ੋਸ਼ਣ ਅਤੇ ਕਤਲ ਦੇ ਤਿੰਨ ਮਾਮਲਿਆਂ ਵਿੱਚ 20-20 ਸਾਲ ਦੀ ਸਜ਼ਾ ਕੱਟ ਰਿਹਾ ਰਾਮ ਰਹੀਮ ਯੂਪੀ ਦੇ ਬਰਨਾਵਾ ਆਸ਼ਰਮ ਵਿੱਚ ਪੈਰੋਲ ’ਤੇ ਹੈ। ਉਹ ਹਰ ਰੋਜ਼ ਸਤਿਸੰਗ ਅਤੇ ਰੋਜ਼ਾਨਾ ਦੇ ਕੰਮਾਂ ਦੀ ਵੀਡੀਓ ਬਣਾ ਰਿਹਾ ਹੈ।

ਵਿਵਾਦ ਤੋਂ ਬਾਅਦ ਰਾਮ ਰਹੀਮ ਨੇ ਕਿਹਾ ਕਿ ਅਸੀਂ ਰੰਗੀਨ ਬੋਤਲਾਂ ਦਿਖਾਈਆਂ ਸਨ। ਕਿਸੇ ਵੀ ਬੋਤਲ ਵਿੱਚ ਤਿਰੰਗਾ ਨਹੀਂ ਸੀ। ਉਨ੍ਹਾਂ ਵਿੱਚ ਤਿਨ ਰੰਗ



ਸੀ। ਉਨਾਂ ਨੇ ਕਿਹਾ ਕਿ ਤੁਹਾਨੂੰ ਬੇਨਤੀ ਹੈ ਕਿ ਬੋਤਲ ‘ਤੇ ਤਿਰੰਗਾ ਨਾ ਬਣਾਓ, ਅਸ਼ੋਕ ਚੱਕਰ ਨਾ ਬਣਾਓ, ਕਿਉਂਕਿ ਇਸ ਵਿੱਚ ਗੋਬਰ ਵੀ ਪਾਇਆ ਜਾਂਦਾ ਹੈ, ਮਿੱਟੀ ਵੀ ਪਾਈ ਜਾਂਦੀ ਹੈ। ਰਾਮ ਰਹੀਮ ਕੁਝ ਦਿਨ ਪਹਿਲਾਂ ਰੋਹਤਕ ਜੇਲ੍ਹ ਤੋਂ ਪਾਰਲ ਸਥਿਤ ਬਰਨਾਵਾ ਆਸ਼ਰਮ ਪਹੁੰਚਿਆ ਸੀ। ਇੱਥੇ ਉਨ੍ਹਾਂ ਡੇਰਾ ਸੱਚਾ ਸੌਦਾ ਦੇ ਦੂਜੇ ਸੰਤ ਸ਼ਾਹ ਸਤਨਾਮ ਦੇ ਜਨਮ ਦਿਨ ‘ਤੇ ਤਲਵਾਰ ਨਾਲ 5 ਕੇਕ ਕੱਟੇ। ਇਸ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਸੀ।

## ਪਹਿਲੀ ਵਾਰ ਦੋ ਆਈਪੀਐਸ ਮਹਿਲਾ ਅਫ਼ਸਰ ਬਣੀਆਂ ਡੀ.ਜ਼ੀ.ਪੀ.



ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ): ਪੰਜਾਬ ਸਰਕਾਰ ਵੱਲੋਂ 30 ਸਾਲ ਦੀ ਸੇਵਾ ਮੁਕੰਮਲ ਹੋਣ ’ਤੇ 1993 ਬੈਚ ਦੇ 7 ਆਈਪੀਐਸ ਅਧਿਕਾਰੀਆਂ ਨੂੰ ਡੀਜੀਪੀ ਵਜੋਂ ਤਰੱਕੀ ਦੇਣ ਦਾ ਫੈਸਲਾ ਕੀਤਾ ਹੈ। ਪੰਜਾਬ ਵਿੱਚ ਇਹ ਪਹਿਲੀ ਵਾਰ ਹੋਣ ਜਾ ਰਿਹਾ ਹੈ ਕਿ ਦੋ ਮਹਿਲਾ ਆਈਪੀਐਸ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਬਣਨ ਜਾ ਰਹੀਆਂ ਹਨ।

ਇਨ੍ਹਾਂ ਵਿੱਚ ਆਈਪੀਐਸ ਅਫਸਰ ਗੁਰਪ੍ਰੀਤ ਕੌਰ ਦਿਓ ਅਤੇ ਸ਼ਸ਼ੀ ਪ੍ਰਭਾ ਦਿਵੇਦੀ ਸੋਮਵਾਰ ਨੂੰ ਡੀਜੀਪੀ ਦਾ ਅਹੁਦਾ ਹਾਸਲ ਕਰਨ ਵਾਲੀਆਂ ਪੰਜਾਬ ਦੀਆਂ ਪਹਿਲੀਆਂ ਆਈਪੀਐਸ ਬੀਬੀਆਂ ਬਣ ਗਈਆਂ ਹਨ।


ਉਹ ਉਨ੍ਹਾਂ ਸੱਤ ਐਡੀਸ਼ਨਲ ਡੀਜੀਪੀ ਰੈਂਕ ਦੇ ਅਫ਼ਸਰਾਂ ਵਿੱਚੋਂ ਹਨ, ਜਿਨ੍ਹਾਂ ਨੂੰ ਡੀਜੀਪੀ ਵਜੋਂ ਤਰੱਕੀ ਦਿੱਤੀ ਗਈ ਹੈ। ਸੂਬੇ ਵਿੱਚ ਪੁਲਿਸ ਦੇ ਉੱਚ ਅਹੁਦੇ ‘ਤੇ ਰਹਿਣ ਵਾਲੇ ਅਫ਼ਸਰਾਂ ਦੀ ਕੁੱਲ ਗਿਣਤੀ ਹੁਣ 13 ਹੋ ਗਈ ਹੈ। ਵੱਡੀ ਗੱਲ ਇਹ ਹੈ ਕਿ ਤਰੱਕੀ ਪ੍ਰਾਪਤ ਕਰਨ ਵਾਲੇ ਸਾਰੇ 1993 ਬੈਚ ਦੇ ਆਈਪੀਐਸ ਅਧਿਕਾਰੀ ਹਨ।

## ਸਰਕਾਰ ਦਿੱਲੀ ਵਾਲਿਆਂ ਦੇ ਪ੍ਰਭਾਵ ਹੇਠ ਪੰਜਾਬੀਆਂ ਦੇ ਹੱਕਾਂ ’ਤੇ ਮਾਰ ਰਹੀ ਹੈ ਡਾਕਾ : ਐਡਵੋਕੇਟ ਧਾਮੀ

**ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਦਰਕਿਨਾਰ ਕਰਨ ਦੀ ਸ਼੍ਰੋਮਣੀ ਕਮੇਟੀ ਵੱਲੋਂ ਨਿੰਦਾ**

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਰਾਹੀਂ ਕਲਰਕ ਦੀ ਆਸਾਮੀ ਲਈ ਭਰਤੀ ਪ੍ਰਕਿਰਿਆ ਵਾਸਤੇ ਲਈ ਜਾਣ ਵਾਲੀ ਪ੍ਰੀਖਿਆ ਦੇ ਸਿਲੇਬਸ ਪੰਜਾਬੀ ਨੂੰ ਦਰਕਿਨਾਰ ਕਰਨ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੀ ਮਾਂ-ਭਾਸ਼ਾ, ਵਿਰਾਸਤ ਅਤੇ ਸੱਭਿਆਚਾਰ ਨੂੰ ਖੋਰਾ ਲਗਾਉਣ ਦੇ ਰਾਹ ਤੁਰੀ ਹੋਈ ਹੈ। ਇਹ ਪੰਜਾਬ ਦੇ ਨੌਜੁਆਨਾਂ ਨੂੰ ਅਸਰ-ਅੰਦਾਜ਼ ਕਰਨ ਵਾਲੀ ਕਾਰਵਾਈ ਹੈ, ਜਿਸ ਨੇ ਪੰਜਾਬੀਆਂ ਦੇ ਹੱਕਾਂ ’ਤੇ ਡਾਕਾ ਮਾਰਨ ਲਈ ਗੈਰ ਪੰਜਾਬੀਆਂ ਦੀ ਭਰਤੀ ਲਈ ਵੀ ਰਾਹ ਖੋਲ੍ਹਿਆ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬੀ ਨੂੰ ਹਰ ਪੱਧਰ ’ਤੇ ਲਾਗੂ ਕਰਨ ਦੀਆਂ ਗੱਲਾਂ ਕਰ ਕੇ ਕੇਵਲ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਹੇ ਹਨ, ਜਦਕਿ ਅਸਲੀਅਤ ਇਹ ਹੈ ਕਿ ਉਨ੍ਹਾਂ ਦੀ ਅਗਵਾਈ ਵਾਲੀ ਮੌਜੂਦਾ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਨੂੰ ਅੱਖੋਂ ਓਹਲੇ ਕਰਕੇ ਹਰ ਸਰਕਾਰੀ ਕਾਰਵਾਈ ਅੰਗਰੇਜ਼ੀ ਵਿਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੀ ਉਦਾਹਰਣ ਭਗਵੰਤ ਸਿੰਘ ਮਾਨ ਦੇ ਬੀਤੇ ਸਮੇਂ ਦੌਰਾਨ ਜਾਰੀ ਕੀਤੇ ਗਏ ਕਈ ਆਦੇਸ਼ ਹਨ। ਉਹ ਜਦੋਂ ਵੀ ਕੋਈ ਐਲਾਨ ਜਾਂ ਸਰਕੂਲਰ ਜਾਰੀ ਕਰਦੇ ਹਨ ਤਾਂ ਉਹ ਅੰਗਰੇਜ਼ੀ ਭਾਸ਼ਾ ਵਿਚ ਹੁੰਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਦਿੱਲੀ ਵਾਲਿਆਂ ਦੇ ਪ੍ਰਭਾਵ ਹੇਠ ਜਾਣਬੁਝ ਕੇ ਅਣਗੌਲਿਆਂ ਕੀਤਾ ਜਾ ਰਿਹਾ ਹੈ।





# ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਸੀਬੀਆਈ ਦੇ 30 ਅਧਿਕਾਰੀਆਂ ਨੂੰ ਪੁਲਿਸ ਮੈਡਲ



ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ 30 ਅਧਿਕਾਰੀਆਂ ਨੂੰ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਬੁੱਧਵਾਰ ਨੂੰ ਪੁਲਿਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਬਾਲ ਜਿਨਸੀ ਸ਼ੋਸ਼ਣ ਸਮੱਗਰੀ, ਮਹੰਤ ਨਰਿੰਦਰ ਗਿਰੀ ਦੀ ਮੌਤ ਅਤੇ ਲਾਲੂ ਪ੍ਰਸਾਦ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਦੀ ਨਿਗਰਾਨੀ ਕਰਨ ਵਾਲੇ ਅਧਿਕਾਰੀ ਸ਼ਾਮਲ ਹਨ।

ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਸੀਬੀਆਈ ਦੇ ਛੇ ਅਧਿਕਾਰੀਆਂ ਨੂੰ ਵਿਸ਼ੇਸ਼ ਸੇਵਾ ਲਈ ਰਾਸ਼ਟਰਪਤੀ ਪੁਲਿਸ ਮੈਡਲ (ਪੀਪੀਐਮਡੀਐਸ) ਨਾਲ ਸਨਮਾਨਿਤ ਕੀਤਾ ਗਿਆ, ਜਦੋਂ ਕਿ 24 ਨੂੰ ਮੈਰੀਟੋਰੀਅਸ ਸਰਵਿਸ (ਪੀਐਮਐਮਐਸ) ਲਈ ਪੁਲਿਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਪੁਲਿਸ ਸੇਵਾ (ਆਈਪੀਐਸ) ਦੇ 1997 ਬੈਚ ਦੇ ਅਧਿਕਾਰੀ ਅਤੇ ਏਜੰਸੀ ਵਿੱਚ ਸੰਯੁਕਤ ਡਾਇਰੈਕਟਰ ਬਿਪਲਵ ਕੁਮਾਰ ਚੌਧਰੀ ਨੂੰ ਪੀਪੀਐਮਡੀਐੱਸ ਉਹ ਬਾਲ ਜਿਨਸੀ ਸ਼ੋਸ਼ਣ ਸਮੱਗਰੀ ਦੀ ਆਨਲਾਈਨ ਵਿਕਰੀ ਅਤੇ ਪ੍ਰਯਾਗਰਾਜ ਵਿੱਚ ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਦੇ ਪ੍ਰਧਾਨ ਮਹੰਤ ਨਰੇਂਦਰ ਗਿਰੀ ਦੀ ਮੌਤ ਸਮੇਤ ਹੋਰ ਮਾਮਲਿਆਂ ਦੀ ਜਾਂਚ ਦੀ ਨਿਗਰਾਨੀ ਕਰ ਰਿਹਾ ਸੀ।

ਬਿਆਨ ਦੇ ਅਨੁਸਾਰ, ਏਜੰਸੀ ਦੇ ਇੱਕ ਹੋਰ ਸੰਯੁਕਤ ਨਿਰਦੇਸ਼ਕ ਸ਼ਰਦ ਅਗਰਵਾਲ (1997 ਬੈਚ) ਨੂੰ ਵੀ ਪੀਪੀਐਮਡੀਐਸ ਨਾਲ ਸਨਮਾਨਿਤ ਕੀਤਾ ਗਿਆ ਹੈ। ਉਸਨੇ ਗੁਰੂਗ੍ਰਾਮ ਦੇ ਇੱਕ ਸਕੂਲ ਵਿੱਚ ਦੂਜੀ ਜਮਾਤ ਦੇ ਵਿਦਿਆਰਥੀ ਦੇ ਕਤਲ, ਝਾਰਖੰਡ ਦੇ ਜੱਜ ਉੱਤਮ ਆਨੰਦ ਦੀ ਕਥਿਤ ਹੱਤਿਆ ਅਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਮੁਖੀ ਲਾਲੂ ਪ੍ਰਸਾਦ ਨਾਲ ਕਥਿਤ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਦੀ ਨਿਗਰਾਨੀ ਕੀਤੀ।

ਬਿਆਨ ਮੁਤਾਬਕ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ, ਅਗਸਤਾ ਵੈਸਟਲੈਂਡ ਹੈਲੀਕਾਪਟਰ ਸੌਦੇ ਵਿੱਚ ਭ੍ਰਿਸ਼ਟਾਚਾਰ, ਵਿਜੇ ਮਾਲਿਆ ਦੇ ਕੇਸਾਂ ਅਤੇ ਇਲਾਹਾਬਾਦ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਐਸ।ਐਨ। ਸ਼ੁਕਲਾ ਬੈਚ) ਗਗਨਦੀਪ ਗੰਭੀਰ ਨੂੰ ਪੀਐੱਮਐੱਮਐੱਸ ਵਧੀਕ ਪੁਲਿਸ ਸੁਪਰਡੈਂਟ ਸੱਤਿਆ ਨਰਾਇਣ ਜਾਟ ਅਤੇ ਥੰਗਲੀਅਨ ਮੰਗ ਐਮ ਅਤੇ ਹੈੱਡ ਕਾਂਸਟੇਬਲ ਅਦੂ ਰਾਮ ਅਤੇ ਗੌਤਮ ਚੰਦਰ ਦਾਸ ਨੂੰ ਵੀ ਪੀਪੀਐਮਡੀਐਸ ਨਾਲ ਸਨਮਾਨਿਤ ਕੀਤਾ ਗਿਆ ਹੈ।

ਐਸਪੀ ਪ੍ਰਵੀਨ ਮੰਡਲੋਈ, ਵਧੀਕ ਪੁਲਿਸ ਕਪਤਾਨ ਕੌਸ਼ਲ ਕਿਸ਼ੋਰ ਸਿੰਘ, ਉਪ ਪੁਲਿਸ ਕਪਤਾਨ ਜਗਰੂਪ ਸਿੰਘ, ਡਾਰਵਿਨ ਕੇਜੇ, ਵਿਕਾਸ ਚੰਦਰ ਚੌਰਸੀਆ, ਜਾਵੇਦ ਅਖਤਰ ਅਲੀ, ਕੁਮਾਰ ਅਭਿਸ਼ੇਕ, ਮਨੋਜ ਕੁਮਾਰ, ਗਿਰੀਸ਼ ਸੋਨੀ, ਜਗਦੇਵ ਸਿੰਘ ਯਾਦਵ ਅਤੇ ਮੁਕੇਸ਼ ਕੁਮਾਰ ਨੂੰ ਸਨਮਾਨਿਤ ਕੀਤਾ ਗਿਆ ਹੈ । ਇੰਸਪੈਕਟਰ ਤੇਜਵੀਰ ਸਿੰਘ, ਮੁੰਨਾ ਕੁਮਾਰ ਸਿੰਘ ਅਤੇ ਗਣੇਸ਼ ਸ਼ੰਕਰ, ਹੈੱਡ ਕਾਂਸਟੇਬਲ ਜਹਰ ਲਾਲ ਨਾਇਕ, ਈ ਵਰਗੀਸ ਪੌਲੋਸ, ਜਗਦੀਸ਼ ਚੌਧਰੀ, ਬਿਜੋਏ ਬਰੂਆ ਅਤੇ ਦੇਬਦੱਤ ਮੁਖਰਜੀ, ਕਾਂਸਟੇਬਲ ਸਤੀਸ਼ ਕੁਮਾਰ ਅਤੇ ਅਫਸਰ ਸੁਪਰਡੈਂਟ ਅਨੂਪ ਮੈਥਿਊਜ਼, ਸਟੈਨੋਗ੍ਰਾਫਰ ਖੋਕਨ ਭੱਟਾਚਾਰਜੀ ਅਤੇ ਪਬਲਿਕ ਚੰਦਰ ਸੈਨੋਗ੍ਰਾਫਰ ਸਨ।

# ਸ਼ਰਧਾ ਕਤਲ ਕੇਸ ਵਿਚ ਪੁਲਿਸ ਨੇ 6629 ਪੰਨਿਆਂ ਦੀ ਚਾਰਜਸ਼ੀਟ ਕੀਤੀ ਦਾਇਰ

*ਆਫਤਾਬ ਨੇ ਕੀਤੀ ਵਕੀਲ ਬਦਲਣ ਦੀ ਮੰਗ



ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ) - ਸ਼ਰਧਾ ਵਾਕਰ ਕਤਲ ਕੇਸ ਨੂੰ ਲੈ ਕੇ ਦਿੱਲੀ ਪੁਲਿਸ ਨੇ ਮੰਗਲਵਾਰ ਨੂੰ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। 6629 ਪੰਨਿਆਂ ਦੀ ਇਸ ਚਾਰਜਸ਼ੀਟ ਵਿੱਚ ਪੁਲੀਸ ਨੇ ਇਸ ਕਤਲ ਕੇਸ ਨਾਲ ਸਬੰਧਤ ਸਾਰੇ ਪਹਿਲੂਆਂ ਨੂੰ ਸ਼ਾਮਲ ਕੀਤਾ ਹੈ। ਪੁਲੀਸ ਨੇ ਇਸ ਕੇਸ ਦੇ ਮੁੱਖ ਮੁਲਜ਼ਮ ਆਫਤਾਬ ਅਮੀਨ ਪੂਨਾਵਾਲਾ ਨੂੰ ਵੀ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਵਿੱਚ ਪੇਸ਼ੀ ਦੌਰਾਨ ਆਫਤਾਬ ਨੇ ਆਪਣਾ ਵਕੀਲ ਬਦਲਣ ਦੀ ਮੰਗ ਕੀਤੀ। ਨਾਲ ਹੀ ਉਨ੍ਹਾਂ ਕਿਹਾ ਕਿ ਚਾਰਜਸ਼ੀਟ ਦੀ ਕਾਪੀ ਉਨ੍ਹਾਂ ਦੇ ਵਕੀਲ ਦੀ ਬਜਾਏ ਉਨ੍ਹਾਂ ਨੂੰ ਦਿੱਤੀ ਜਾਵੇ।

ਸ਼ਰਧਾ ਮਾਮਲੇ 'ਚ ਚਾਰਜਸ਼ੀਟ ਦਾਇਰ ਕਰਨ ਤੋਂ ਬਾਅਦ ਦਿੱਲੀ ਪੁਲਸ ਦੀ ਜੁਆਇੰਟ ਸੀਪੀ ਮੀਨੂ ਚੌਧਰੀ ਨੇ ਕਿਹਾ ਕਿ ਅਸੀਂ ਸ਼ਰਧਾ ਵਾਕਰ ਦੇ ਪਿਤਾ ਤੋਂ ਮਿਲੀ ਸ਼ਿਕਾਇਤ 'ਤੇ 12 ਨਵੰਬਰ ਨੂੰ ਆਫਤਾਬ ਨੂੰ ਗ੍ਰਿਫਤਾਰ ਕੀਤਾ ਸੀ। ਅਸੀਂ ਇਸ ਕਤਲੇਆਮ ਦੀ ਜਾਂਚ ਲਈ 9 ਟੀਮਾਂ ਬਣਾਈਆਂ ਸਨ। ਅਸੀਂ ਆਪਣੀਆਂ ਟੀਮਾਂ ਹਰਿਆਣਾ, ਹਿਮਾਚਲ ਅਤੇ ਮਹਾਰਾਸ਼ਟਰ ਵਿੱਚ ਵੀ ਭੇਜੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਾਂਚ ਵਿੱਚ ਕੋਈ ਕਮੀ ਨਾ ਰਹੇ। ਜਾਂਚ ਦੌਰਾਨ ਸਾਡਾ ਉਦੇਸ਼ ਸਭ ਤੋਂ ਪਹਿਲਾਂ ਸ਼ਰਧਾ ਦੇ ਸਰੀਰ ਦੇ ਹੋਰ ਅੰਗਾਂ ਨੂੰ ਇਕੱਠਾ ਕਰਨਾ ਸੀ। ਇਸ ਵਿੱਚ ਬਹੁਤ ਮਿਹਨਤ ਅਤੇ ਕਈ ਦਿਨ ਲੱਗ ਗਏ। ਮਾਮਲੇ ਦੀ ਜਾਂਚ ਦੌਰਾਨ ਸਾਡੀ ਟੀਮ ਨੇ ਤਕਨਾਲੋਜੀ ਅਤੇ ਵਿਗਿਆਨ ਦੀ ਵੀ ਕਾਫੀ ਮਦਦ ਲਈ। ਅਸੀਂ ਡੀਐਨਏ ਟੈਸਟ ਕਰਵਾਇਆ, ਫੋਰੈਂਸਿਕ ਟੈਸਟ ਵੀ ਕਰਵਾਏ।

ਮੀਨੂੰ ਚੌਧਰੀ ਨੇ ਦੱਸਿਆ ਕਿ ਇਹ ਜਾਣਨ ਲਈ ਕਿ ਮੁਲਜ਼ਮ ਆਫਤਾਬ ਪੁਲਸ ਕੋਲ ਝੂਠ ਬੋਲ ਰਿਹਾ ਹੈ ਜਾਂ ਕੁਝ ਛੁਪਾ ਰਿਹਾ ਹੈ, ਅਸੀਂ ਉਸ ਦਾ ਨਾਰਕੋ ਟੈਸਟ ਵੀ ਕਰਵਾਇਆ ਹੈ। ਇਸ ਮਾਮਲੇ ਦੀ ਜਾਂਚ ਵਿੱਚ ਐਫਐਸਐਲ ਅਤੇ ਸੀਐਫਐਸਐਲ ਦੀ ਮਦਦ ਵੀ ਲਈ ਗਈ ਸੀ। ਘਟਨਾ ਤੋਂ ਬਾਅਦ ਸਾਡੀ ਟੀਮ ਨੇ ਉਸ ਇਲਾਕੇ ਦੇ ਕਈ ਸੀਸੀਟੀਵੀ ਫੁਟੇਜ ਵੀ ਚੈੱਕ ਕੀਤੇ। ਟੀਮ ਨੇ ਡਿਜੀਟਲ ਸਬੂਤਾਂ ਦੀ ਵੀ ਜਾਂਚ ਕੀਤੀ। ਇਹ ਸਭ ਕਰਨ ਤੋਂ ਬਾਅਦ ਅੱਜ ਅਸੀਂ ਇਸ ਮਾਮਲੇ ਵਿੱਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਚਾਰਜਸ਼ੀਟ ਦਾਇਰ ਕਰਨ ਤੋਂ ਪਹਿਲਾਂ ਅਸੀਂ ਇਸ ਮਾਮਲੇ ਦੀ ਜਾਂਚ ਦੌਰਾਨ 150 ਤੋਂ ਵੱਧ ਗਵਾਹਾਂ ਦੇ ਬਿਆਨ ਵੀ ਦਰਜ ਕੀਤੇ। ਜਾਂਚ ਦੌਰਾਨ ਪਤਾ ਲੱਗਾ ਕਿ ਮੁਲਜ਼ਮਾਂ ਨੇ ਸ਼ਰਧਾ ਦੇ ਸਰੀਰ ਨੂੰ ਕੱਟਣ ਲਈ ਪੰਜ ਤੋਂ ਵੱਧ ਹਥਿਆਰਾਂ ਦੀ ਵਰਤੋਂ ਕੀਤੀ ਸੀ। ਅਸੀਂ ਇਸ ਪੂਰੇ ਮਾਮਲੇ ਨੂੰ ਲੈ ਕੇ ਧਾਰਾ 302 ਅਤੇ 201 ਦੇ ਤਹਿਤ ਚਾਰਜਸ਼ੀਟ ਦਾਇਰ ਕੀਤੀ ਹੈ। ਦੱਸ ਦੇਈਏ ਕਿ ਦਿੱਲੀ ਦੇ ਸ਼ਰਧਾ ਵਾਕਰ ਕਤਲ ਕੇਸ ਵਿੱਚ ਲਿਵ-ਇਨ ਪਾਰਟਨਰ ਅਤੇ ਮੁਲਜ਼ਮ ਆਫਤਾਬ ਅਮੀਨ ਪੂਨਾਵਾਲਾ ਦਾ ਨਾਰਕੋ ਟੈਸਟ ਹੋਇਆ ਸੀ। ਅੰਬੇਦਕਰ ਹਸਪਤਾਲ, ਦਿੱਲੀ ਦੇ ਐਨੇਸਥੀਸੀਆ ਦੇ ਡਾਕਟਰ ਨਵੀਨ ਨੇ ਕਿਹਾ ਸੀ ਕਿ ਨਾਰਕੋ ਟੈਸਟ ਸਵੇਰੇ 10 ਵਜੇ ਸ਼ੁਰੂ ਹੋਇਆ ਅਤੇ ਕਰੀਬ 2 ਘੰਟੇ ਬਾਅਦ ਸਮਾਪਤ ਹੋਇਆ।

# ਤਾਮਿਲਨਾਡੂ 'ਚ ਮੇਲੇ ਦੌਰਾਨ ਕਰੇਨ ਡਿੱਗੀ, 4 ਦੀ ਮੌਤ

ਚੇਨਈ, 26 ਜਨਵਰੀ (ਪੋਸਟ ਬਿਊਰੋ) - ਤਾਮਿਲਨਾਡੂ ਦੇ ਅਰਾਕੋਨਮ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਕਰੇਨ ਦਾ ਇੱਕ ਹਿੱਸਾ ਡਿੱਗਣ ਨਾਲ ਚਾਰ ਲੋਕਾਂ ਦੀ ਮੌਤ ਹੋ ਗਈ। ਜਦੋਂ ਇਹ ਘਟਨਾ ਵਾਪਰੀ, ਉਸ ਸਮੇਂ ਮੰਦਰ 'ਚ ਸਮਾਗਮ ਚੱਲ ਰਿਹਾ ਸੀ ਅਤੇ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ। ਚਸ਼ਮਦੀਦਾਂ ਦਾ ਕਹਿਣਾ ਹੈ ਕਿ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਲਿਜਾ ਰਹੀ ਕਰੇਨ ਰਾਤ ਕਰੀਬ 8:15 ਵਜੇ ਅਚਾਨਕ ਹਾਦਸਾਗ੍ਰਸਤ ਹੋ ਗਈ। ਇਹ ਜਲੂਸ ਦ੍ਰੋਪਦੀ ਅੰਮਾਨ ਤਿਉਹਾਰ ਦਾ ਹਿੱਸਾ ਸੀ, ਜੋ ਪੋਂਗਲ ਤੋਂ ਬਾਅਦ ਆਯੋਜਿਤ ਕੀਤਾ ਜਾਂਦਾ ਹੈ।

ਇਸ ਘਟਨਾ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ 'ਚ ਕਰੇਨ ਨੂੰ ਲੋਕਾਂ ਨਾਲ ਲਟਕਦੇ ਜ਼ਮੀਨ 'ਤੇ ਡਿੱਗਦੇ ਦੇਖਿਆ ਜਾ ਸਕਦਾ ਹੈ। ਕਰੇਨ ਦੇ ਹਾਦਸਾਗ੍ਰਸਤ ਹੋਣ ਕਾਰਨ ਮੰਦਰ 'ਚ ਮੌਜੂਦ ਸ਼ਰਧਾਲੂ ਘਬਰਾਹਟ 'ਚ ਇਧਰ-ਉਧਰ ਭੱਜਣ ਲੱਗੇ। ਪੁਲਿਸ ਨੇ ਦੱਸਿਆ ਕਿ ਮਾਮਲਾ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ। ਰਾਨੀਪੇਟ ਦੇ ਪੁਲਿਸ ਸੁਪਰਡੈਂਟ ਦੀਪਾ ਸਥਿਆਨ ਨੇ ਕਿਹਾ, "ਕ੍ਰੇਨ ਦਾ ਇੱਕ ਹਿੱਸਾ ਉੱਚੀ ਜ਼ਮੀਨ 'ਤੇ ਸੀ। ਅਜਿਹਾ ਲੱਗਦਾ ਹੈ ਕਿ ਮਿੱਟੀ ਦੇ ਅਸੰਤੁਲਨ ਕਾਰਨ ਕਰੇਨ ਡਿੱਗੀ ਹੈ। ਜਾਂਚ ਚੱਲ ਰਹੀ ਹੈ।" ਪੁਲੀਸ ਨੇ ਕਰੇਨ ਚਾਲਕਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਜ਼ਖਮੀਆਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਵਿੱਚੋਂ ਇੱਕ ਦੀ ਸੋਮਵਾਰ ਸਵੇਰੇ ਮੌਤ ਹੋ ਗਈ।"

# ਸੀਆਰਪੀਐਫ ਨੇ ਬਿਹਾਰ ਵਿੱਚ ਭਾਰੀ ਮਾਤਰਾ ਵਿਚ ਹਥਿਆਰ ਤੇ ਗੋਲਾ ਬਾਰੂਦ ਕੀਤਾ ਬਰਾਮਦ



ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ) - ਕੇਂਦਰੀ ਰਿਜ਼ਰਵ ਪੁਲਿਸ ਬਲ (ਸੀਆਰਪੀਐਫ) ਅਤੇ ਬਿਹਾਰ ਪੁਲਿਸ ਦੀ ਇੱਕ ਸਾਂਝੀ ਟੀਮ ਨੇ ਸੋਮਵਾਰ ਨੂੰ ਰਾਜ ਦੇ ਪੀਐਸ ਮਦਨਪੁਰ ਅਤੇ ਔਰੰਗਾਬਾਦ ਦੇ ਜੰਗਲੀ ਖੇਤਰ ਵਿੱਚ ਤਲਾਸ਼ੀ ਮੁਹਿੰਮ ਚਲਾ ਕੇ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਜ਼ਬਤ ਕੀਤਾ ਹੈ। ਇਹ ਆਪਰੇਸ਼ਨ ਭਰੋਸੇਮੰਦ ਖੁਫੀਆ ਸੂਚਨਾ ਦੇ ਆਧਾਰ 'ਤੇ ਕੀਤਾ ਗਿਆ ਸੀ। ਜਾਣਕਾਰੀ ਮੁਤਾਬਕ ਸੈਨਿਕਾਂ ਦੀਆਂ ਕਈ ਟੀਮਾਂ ਨੇ ਸ਼ੱਕੀ ਇਲਾਕੇ 'ਚ ਕਈ ਥਾਵਾਂ 'ਤੇ ਲੁਕੇ ਹੋਏ ਹਥਿਆਰ, ਗੋਲਾ ਬਾਰੂਦ ਅਤੇ ਵਿਸਫੋਟਕਾਂ ਦੇ ਭੰਡਾਰ ਦਾ ਪਤਾ ਲਗਾਇਆ ਹੈ।

ਬਰਾਮਦ ਕੀਤੇ ਗਏ ਸਾਮਾਨ ਵਿੱਚ ਮੈਗਜ਼ੀਨ ਸਮੇਤ 315 ਬੋਰ ਦੀ ਰਾਈਫਲ, ਵੱਖ-ਵੱਖ ਬੋਰ ਦੇ 3583 ਰੌਂਦ, ਚਾਰ ਆਈਈਡੀ, ਇੱਕ ਯੂਬੀਜੀਐਲ ਮਾਊਂਟ, ਦੋ ਵਾਇਰਲੈੱਸ ਸੈੱਟ, ਇੱਕ ਇੰਟਰਸੈਪਟਰ, ਛੇ ਡੈਟੋਨੇਟਰ, 10-15 ਮੀਟਰ ਕੋਰਡਟੈਕਸ ਤਾਰ ਅਤੇ ਅੱਠ ਮੋਬਾਈਲ ਫ਼ੋਨ ਸ਼ਾਮਲ ਹਨ। ਇਸ ਤੋਂ ਇਲਾਵਾ ਨਕਸਲੀ ਸਾਹਿਤ ਅਤੇ ਵੱਖ-ਵੱਖ ਲੇਖ ਵੀ ਬਰਾਮਦ ਹੋਏ ਹਨ। ਇਸ ਵਿਸ਼ੇਸ਼ ਆਪ੍ਰੇਸ਼ਨ ਨੂੰ ਪੂਰਾ ਕਰਨ ਤੋਂ ਪਹਿਲਾਂ, ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਕਰਦੇ ਹੋਏ ਬਰਾਮਦ ਕੀਤੇ ਗਏ ਸਾਰੇ ਵਿਸਫੋਟਕ ਅਤੇ ਆਈਈਡੀ ਬਰਾਮਦ ਕੀਤੇ ਹਨ।

ਜ਼ਿਕਰਯੋਗ ਹੈ ਕਿ ਇਕ ਹੋਰ ਨਕਸਲ ਪ੍ਰਭਾਵਿਤ ਸੂਬੇ ਛੱਤੀਸਗੜ੍ਹ 'ਚ ਮਾਓਵਾਦੀਆਂ ਖਿਲਾਫ ਮੁਹਿੰਮ ਨੇ ਸੀਆਰਪੀਐੱਫ ਨੂੰ ਹੋਰ ਮਜ਼ਬੂਤ ਕੀਤਾ ਹੈ। ਸੀਆਰਪੀਐਫ ਅਤੇ ਛੱਤੀਸਗੜ੍ਹ ਪੁਲਿਸ ਦੀ 165 ਬਟਾਲੀਅਨ ਨੇ ਰਾਜ ਦੇ ਦੱਖਣੀ ਬਸਤਰ ਖੇਤਰ ਵਿੱਚ ਸਥਿਤ ਕੁੰਡਰ, ਸੁਕਮਾ ਜ਼ਿਲ੍ਹੇ ਦੇ ਨਕਸਲ ਪ੍ਰਭਾਵਿਤ ਖੇਤਰ ਵਿੱਚ ਇੱਕ ਫਾਰਵਰਡ ਆਪਰੇਟਿੰਗ ਬੇਸ (ਐਫਓਬੀ) ਸਥਾਪਤ ਕੀਤਾ ਹੈ। ਨਵਾਂ ਐਫਓਬੀ ਸੁਰੱਖਿਆ ਬਲਾਂ ਨੂੰ ਉਸ ਖੇਤਰ ਵਿੱਚ ਫੋਕਸ ਆਪਰੇਸ਼ਨ ਚਲਾਉਣ ਵਿੱਚ ਮਦਦ ਕਰੇਗਾ, ਜਿਸ ਨੂੰ ਮਾਓਵਾਦੀ ਆਪਣਾ ਗੜ੍ਹ ਮੰਨਦੇ ਸਨ। ਅੰਦਰਲੇ ਇਲਾਕਿਆਂ ਵਿੱਚ ਸੁਰੱਖਿਆ ਬਲਾਂ ਦੀ ਮੌਜੂਦਗੀ ਨਾ ਸਿਰਫ਼ ਮਾਓਵਾਦੀਆਂ ਨੂੰ ਖ਼ਤਮ ਕਰਨ ਵਿੱਚ ਮਦਦਗਾਰ ਸਾਬਤ ਹੋਵੇਗੀ ਸਗੋਂ ਖੇਤਰ ਵਿੱਚ ਵਿਕਾਸ ਨੂੰ ਵੀ ਹੁਲਾਰਾ ਦੇਵੇਗੀ।

# ਦਿੱਲੀ ਦੇ ਅਸਮਾਨ 'ਚ ਡਰੋਨ ਕੈਮਰੇ ਅਤੇ ਗੁਬਾਰੇ ਉਡਾਉਣ 'ਤੇ ਪਾਬੰਦੀ




ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ) - ਗਣਤੰਤਰ ਦਿਵਸ ਨੂੰ ਲੈ ਕੇ ਰਾਸ਼ਟਰੀ ਰਾਜਧਾਨੀ ਦਿੱਲੀ 'ਚ ਸੁਰੱਖਿਆ ਵਿਵਸਥਾ ਅਲਰਟ 'ਤੇ ਹੈ। ਦਿੱਲੀ ਪੁਲਿਸ ਅਤੇ ਕੇਂਦਰੀ ਏਜੰਸੀਆਂ ਤਿਆਰ ਹਨ। ਕਿਸੇ ਵੀ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਪੁਲਿਸ ਨੇ ਸੰਵੇਦਨਸ਼ੀਲ ਅਤੇ ਜਨਤਕ ਥਾਵਾਂ 'ਤੇ ਸਰਗਰਮੀ ਤੇਜ਼ ਕਰ ਦਿੱਤੀ ਹੈ। ਇਸ ਦੇ ਨਾਲ ਹੀ ਦਿੱਲੀ 'ਚ ਅੱਤਵਾਦੀ ਖਤਰੇ ਦੇ ਇਨਪੁਟ ਦੇ ਮੱਦੇਨਜ਼ਰ ਹਵਾਈ ਗੁਬਾਰੇ ਅਤੇ ਡਰੋਨ ਕੈਮਰਿਆਂ ਸਮੇਤ ਖਿਡੌਣਿਆਂ ਨੂੰ ਉਡਾਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।

